ISSN 0972-2335

# ਅੰਮ੍ਰਿਤ ਕੀਰਤਨ

## ਮਈ 2022

ਮਾਹੁ ਜੇਠੁ ਭਲਾ

ਪ੍ਰੀਤਮੁ ਕਿਉ ਬਿਸਰੈ ॥

ਥਲ ਤਾਪਹਿ ਸਰ ਭਾਰ

ਸਾ ਧਨ ਬਿਨਉ ਕਰੈ ॥

ਧਨ ਬਿਨਉ ਕਰੇਦੀ ਗੁਣ ਸਾਰੇਦੀ

ਗੁਣ ਸਾਰੀ ਪ੍ਰਭ ਭਾਵਾ ॥

ਸਾਚੈ ਮਹਲਿ ਰਹੈ ਬੈਰਾਗੀ

ਆਵਣ ਦੇਹਿ ਤ ਆਵਾ ॥

ਨਿਮਾਣੀ ਨਿਤਾਣੀ ਹਰਿ ਬਿਨੁ

ਕਿਉ ਪਾਵੈ ਸੁਖ ਮਹਲੀ ॥

ਨਾਨਕ ਜੇਠਿ ਜਾਣੈ ਤਿਸੁ ਜੈਸੀ


ਕਰਮਿ ਮਿਲੈ ਗੁਣ ਗਹਿਲੀ ॥

(ਰਾਗ ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ ਅੰਗ 1108)



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



| ## ਮਿਲਾਪ ਬਿਹਬਲਤਾ | ## IMPATIENCE FOR UNION |
|---|---|
| ਸਿੱਕਾਂ ਸਿਕਦੀ ਸਿਕਦੀ ਮਰ ਗਈ,<br>ਸਾਲ ਹੋਇਆ ਮਸਾਂ ਪੂਰਾ, ਹਾਏ ਪੂਰਾ । | Faded away in His deadly absence,<br>only a year is gone, ah ! gone. |
| ਮਾਸ ਪਿੰਜਰ ਦਾ ਸੁੱਕ ਗਿਆ ਸਾਰਾ,<br>ਹੱਡੀਆਂ ਹੋਇ ਗਈਆਂ ਚੂਰਾ, ਹਾਏ ਚੂਰਾ । | Reduced to skeleton is the body,<br>bones are ground into bran, ah ! bran. |
| ਤਾਂਘ ਤੇਰੀ ਵਿੱਚ ਬਿਹਬਲ ਰਹਿਕੇ,<br>ਮਰਦੀ ਰਹਾਂ ਵਿਚ ਹਾਵੇ। | Squirming restlessly for His vision,<br>heaving sighs the days are gone. |
| ਸੰਤੋਖ ਬਿਟ ਬਿਟ ਵੇਖਣ ਆਤੁਰ ਅੱਖਾਂ,<br>ਛੇਤੀ ਦੇਵੀਂ ਦਰਸ ਵੇ ਨੂਰਾ ! | Moist eyes wait day and night,<br>to have His glimpse before the dawn. |

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

## ਚੰਦੇ ਦਾ ਵੇਰਵਾ

- **ਦੇਸ਼: ਇਕ ਕਾਪੀ** :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- **ਜੀਵਨ ਮੈਂਬਰ** ਚੰਦਾ: 1500 ਰੁਪਏ
- **ਵਿਦੇਸ਼ : ਸਲਾਨਾ** ਚੰਦਾ INR1500
- **'ਅੰਮ੍ਰਿਤ ਕੀਰਤਨ' ਲਈ ਡਰਾਫਟ**, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**
ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ
(ਫੋਨ :0172-4782705, 98150-72197) ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਮਿਲਾਪ ਬਿਹਬਲਤਾ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਚੰਡੀਗੜ੍ਹ ਦਾ ਪੰਦਰਾਂ ਸੈਕਟਰ 2

ਕਲੇਰਾਂ, ਸੇਵਾਪੰਥੀ, ਸਿੰਘਾਂ ਅਤੇ ਡੁਮੇਲੀ : ਕੀਰਤਨ ਟਕਸਾਲਾਂ
ਡਾ. ਗੁਰਨਾਮ ਸਿੰਘ 5

ਗੁਰਮਤਿ ਸੰਗੀਤ ਵਿਚ ਰਬਾਬੀ ਕੀਰਤਨਕਾਰਾਂ ਦਾ ਯੋਗਦਾਨ
ਅਜੈਪਾਲ ਸਿੰਘ ਚਵਿੰਡਾ 9

ਗੁਰਮਤਿ ਸੰਗੀਤ ਵਿੱਚ ਰਬਾਬੀ ਪਰੰਪਰਾ ਅਤੇ ਹੋਰ ਲੇਖ
ਪੁਸਤਕ ਰੀਵਿਊ
ਜਗਤਾਰਜੀਤ ਸਿੰਘ 13

ਕੀਰਤਨ ਸਮ੍ਰਾਟ ਸ੍ਰੀਮਾਨ ਸੰਤ ਸੁਜਾਨ ਸਿੰਘ ਜੀ ਯਾਦਗਾਰੀ
ਪੁਰਸਕਾਰ-2022 16

Bhai Prithipal Singh Mohan Pal Singh a link
with the Musical Heritage of Nankana Sahib
Harjap Singh Aujla 17

ਤਿੰਨ ਤਾਲ ਕਾਇਦਾ ਸੀਰੀਜ
ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ ਪੰਜਾਬ ਘਰਾਣਾ) 19


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

## ਕਰਉ ਬੇਨੰਤੀਆ

# ਚੰਡੀਗੜ੍ਹ ਦਾ ਪੰਦਰਾਂ ਸੈਕਟਰ

ਚੰਡੀਗੜ੍ਹ ਦਾ ਪੰਦਰਾਂ ਸੈਕਟਰ ਪੜ੍ਹਨ ਲਿਖਣ ਵਾਲਿਆਂ ਲਈ ਹਮੇਸ਼ਾ ਆਕਰਸ਼ਨ ਦਾ ਕੇਂਦਰ ਰਿਹਾ ਹੈ। ਇਸ ਦੇ ਇੱਕ ਪਾਸੇ ਪੰਜਾਬ ਯੂਨੀਵਰਸਿਟੀ ਹੈ,ਦੂਜੇ ਪਾਸੇ ਕੁੜੀਆਂ ਅਤੇ ਮੁੰਡਿਆਂ ਦੇ ਸਰਕਾਰੀ ਕਾਲਜ ਹਨ। ਤੀਜੇ ਪਾਸੇ ਸੈਕਟਰ ਸੋਲਾਂ ਹੈ ਜਿਥੇ ਵੱਡਾ ਹਸਪਤਾਲ ਅਤੇ ਰੋਜ਼ ਗਾਰਡਨ ਹੈ। ਚੌਥੇ ਪਾਸੇ ਸੈਕਟਰ ਚੌਵੀ ਹੈ ਜਿਥੇ ਆਮ ਕਰਕੇ ਸਰਕਾਰੀ ਮਕਾਨ ਹਨ। ਇਸਦੇ ਇੱਕ ਕੋਨੇ ਵਿੱਚ ਸੈਕਟਰ 12 ਹੈ ਜਿਥੇ ਪੀ ਜੀ ਆਈ ਹਸਪਤਾਲ ਹੈ। ਇੱਕ ਕੋਨੇ ਵਿੱਚ ਸੈਕਟਰ 10 ਹੈ ਜਿਥੇ ਆਰਟ ਕਾਲਜ ਅਤੇ ਡੀ ਏ ਵੀ ਕਾਲਜ ਹੈ। ਇੱਕ ਕੋਨੇ ਵਿੱਚ ਸੈਕਟਰ 23 ਹੈ ਜਿਥੇ ਬਾਲ ਭਵਨ ਅਤੇ ਬਹੁਤੇ ਸਰਕਾਰੀ ਮਕਾਨ ਹਨ। ਇੱਕ ਕੋਨੇ ਵਿੱਚ ਸੈਕਟਰ 25 ਹੈ। ਜਿਥੇ ਪੰਜਾਬ ਯੂਨੀਵਰਸਟੀ ਦੇ ਸਟਾਫ ਲਈ ਮਕਾਨ ਹਨ।

ਪੰਜਾਬ ਯੂਨੀਵਰਸਟੀ ਤੋਂ ਨਿਕਲਿਦਿਆਂ ਹੀ ਪੰਦਰਾਂ ਸੈਕਟਰ ਦੇ ਕੋਨੇ ਵਿੱਚ ਪੁਰਾਣੀਆਂ ਪੁਸਤਕਾਂ ਧਰਤੀ ਤੇ ਸਜੀਆਂ ਹੁੰਦੀਆਂ ਸਨ। ਇਹਨਾਂ ਪੁਸਤਕਾਂ ਨੂੰ ਉਥੇ ਹੀ ਬੈਠ ਕੇ ਪੜ੍ਹਦੇ ਕਈ ਪ੍ਰੋਫੈਸਰ ਅਤੇ ਅਧਿਆਪਕ ਦਿਖਾਈ ਦਿੰਦੇ ਸਨ। ਬੜਾ ਚਿਰ ਇਥੇ ਜਾਣਾ ਪੁਰਾਣੀਆਂ ਕਿਤਾਬਾਂ ਦੀ ਫੋਲਾ ਫਾਲੀ ਕਰਨੀ ਤੇ ਫਿਰ ਸਬਜ਼ੀ ਖਰੀਦਣ ਵਾਂਗ ਕਿਤਾਬਾਂ ਵਾਲੇ ਨਾਲ ਭਾਅ ਸੈਂਟ ਕਰਨਾ, ਇਹ ਸਾਰਾ ਕੁਝ ਇੱਕ ਨਸ਼ੇੜੀ ਵਾਂਗ ਸੀ। ਹੁਣ ਇਹ ਫੜ੍ਹੀਆਂ ਤਰੱਕੀ ਕਰ ਗਈਆਂ ਹਨ। ਇਹਨਾਂ ਨੂੰ ਪੱਕੇ ਬੂਥ ਮਿਲ ਗਏ ਹਨ। ਪਰ ਇਥੇ ਹੁਣ ਪੁਰਾਣੀਆਂ ਕਿਤਾਬਾਂ ਦੀ ਥਾਂ ਕੋਰਸਾਂ ਦੀਆਂ ਪੁਸਤਕਾਂ ਮਿਲਦੀਆਂ ਹਨ। ਵਿਦਵਾਨ ਇਥੇ ਘਟ ਹੀ ਦਿਖਾਈ ਦਿੰਦੇ ਹਨ।

ਚੰਡੀਗੜ੍ਹ ਦੇ ਪੰਦਰਾਂ ਸੈਕਟਰ ਨਾਲ ਮੇਰਾ ਪੂਰਾ ਵਾਹ 1976 ਜੂਨ ਮਹੀਨੇ ਵਿੱਚ ਪਿਆ। ਮੇਰਾ ਵਿਆਹ ਹੋਇਆ ਤਾਂ ਆਪਣੀ ਪਤਨੀ ਦੀ ਪੀ ਜੀ ਆਈ ਵਿਖੇ ਨੌਕਰੀ ਕਾਰਨ ਪੰਦਰਾਂ ਸੈਕਟਰ ਵਿੱਚ ਰਿਹਾਇਸ਼ ਰੱਖਣ ਬਾਰੇ ਸੋਚਿਆ। ਉਦੋਂ ਮੈ ਗੁਰੂ ਗੋਬਿੰਦ ਸਿੰਘ ਕਾਲਜ ਵਿੱਚ ਲੈਕਚਰਾਰ ਸੀ। ਪੰਦਰਾਂ ਸੈਕਟਰ ਵਿੱਚ ਰਹਿੰਦਿਆਂ ਕਿਰਾਏ ਦੇ ਵੱਖ ਵੱਖ ਛੇ ਮਕਾਨ ਬਦਲੇ। ਇਸ ਸਮੇਂ ਦੋ ਕੁ ਸਾਲ ਮੁਹਾਲੀ ਵੀ ਰਹੇ ਪਰ ਪੰਦਰਾਂ ਸੈਕਟਰ ਦੀ ਖਿੱਚ ਫਿਰ ਇੱਥੇ ਲੈ ਆਈ ਤੇ ਇੱਕ ਮਕਾਨ ਖਰੀਦ ਕੇ ਉਸ ਨੂੰ ਘਰ ਬਣਾ ਲਿਆ ਤੇ ਹੁਣ ਪਿਛਲੇ 32 ਸਾਲ ਉਸੇ ਵਿੱਚ ਰਹਿ ਰਹੇ ਹਾਂ।

ਇਸੇ ਸੈਕਟਰ ਵਿੱਚ ਲਾਜਪਤ ਭਵਨ ਵਿੱਚ ਦਵਾਰਕਾ ਦਾਸ ਲਾਇਬ੍ਰੇਰੀ ਹੈ ਜਿਹੜੀ ਲਾਹੌਰ ਤੋਂ ਇਥੇ ਲਿਆਂਦੀ ਗਈ। ਲਾਹੌਰ ਵਿਖੇ ਇਸ ਲਾਇਬ੍ਰੇਰੀ ਵਿੱਚ ਸ਼ਹੀਦ ਭਗਤ ਸਿੰਘ ਰਾਹੀਂ ਪੜ੍ਹੀਆਂ ਗਈਆਂ ਪੁਸਤਕਾਂ ਵੀ ਰੱਖੀਆਂ ਹੋਈਆਂ ਹਨ। ਪੀਐਚ ਡੀ ਕਰਨ ਸਮੇਂ ਮੈਂ ਇਸ ਲਾਇਬ੍ਰੇਰੀ ਦਾ ਪੂਰਾ ਲਾਭ ਲਿਆ ਹੈ। ਲਾਜਪਤ ਭਵਨ ਵਿੱਚ ਅਨੇਕਾਂ ਸਮਾਗਮ ਹੁੰਦੇ ਰਹਿੰਦੇ ਹਨ। ਮੈਂ ਵੀ ਇਥੇ ਕਈ ਸਾਲ ਹਰ ਹਫਤੇ ਸ਼ਬਦ

ਗਾਇਨ ਕਰਦਾ ਰਿਹਾ ਹਾਂ। ਇਸੇ ਸੈਕਟਰ ਵਿੱਚ ਗੁਰੂ ਗੋਬਿੰਦ ਸਿੰਘ ਭਵਨ ਹੈ ਜਿਹੜਾ ਕਦੀ ਸਿੱਖੀ ਨਾਲ ਸਬੰਧਤ ਸਰਗਰਮੀਆਂ ਦਾ ਕੇਂਦਰ ਸੀ। ਹਰ ਮਹੀਨੇ ਕੀਰਤਨ ਅਤੇ ਲੈਕਚਰ ਹੁੰਦਾ ਸੀ। ਹੁਣ ਤਾਂ-------। ਰਾਮ ਕ੍ਰਿਸ਼ਨ ਮਿਸ਼ਨ ਦੀ ਇਮਾਰਤ ਵੀ ਇਸੇ ਰੋਡ ਤੇ ਹੈ। ਉਹਨਾਂ ਦੀਆਂ ਵੀ ਸਰਗਰਮੀਆਂ ਹੁੰਦੀਆਂ ਰਹਿੰਦੀਆਂ ਹਨ। ਸਵਾਮੀ ਵਿਵੇਕਾਨੰਦ ਦੀਆਂ ਲਿਖਤਾਂ ਦੀ ਵੱਡੀ ਲਾਇਬ੍ਰੇਰੀ ਵੇਖਣ ਯੋਗ ਹੈ।

ਪੰਦਰਾਂ ਸੈਕਟਰ ਵਿੱਚ ਮਕਾਨਾਂ ਦੀ ਹਰ ਕਤਾਰ ਵਿੱਚ ਯੂਨੀਵਰਿਸਟੀ ਦਾ ਕੋਈ ਅਧਿਆਪਕ ਜਾਂ ਕੋਈ ਡਾਕਟਰ ਦਿਸ ਆਉਂਦਾ ਹੈ। ਜਿਥੋਂ ਤਕ ਪੰਜਾਬੀ ਦੇ ਲੇਖਕਾਂ ਦਾ ਸਬੰਧ ਹੈ ਤਾਂ ਇਸ ਵਿੱਚ ਪੰਜਾਬੀ ਦੇ ਮਹਾਨ ਲੇਖਕ ਰਹਿੰਦੇ ਰਹੇ ਹਨ। ਪੰਦਰਾਂ ਏ ਵਿੱਚ ਮੇਰੇ ਅਧਿਆਪਕ ਡਾਕਟਰ ਕੇਸਰ ਸਿੰਘ ਸਿੰਘ ਰਹਿੰਦੇ ਸਨ। ਜਿਹਨਾਂ ਕੋਲ ਮੈਂ ਅਕਸਰ ਚਲਾ ਜਾਂਦਾ ਹੈ ਸਾਂ ਤੇ ਪੰਜਾਬੀ ਵਿੱਚ ਖੋਜ ਕਰਨ ਦੀਆਂ ਜੁਗਤਾਂ ਸਿਖਦਾ ਸਾਂ।

ਪੰਦਰਾਂ ਏ ਵਿੱਚ ਪੰਜਾਬੀ ਸਾਹਿਤ ਦੇ ਵੱਡੇ ਵਿਦਵਾਨ ਡਾਕਟਰ ਮੋਹਨ ਸਿੰਘ ਦੀਵਾਨਾ ਰਹਿੰਦੇ ਸਨ। ਜਿਹਨਾਂ ਨੂੰ ਆਪਣੇ ਕਿਸੇ ਸੇਵਾਦਾਰ ਜਾਂ ਵਿਦਿਆਰਥੀ ਨਾਲ ਸੈਰ ਕਰਦਿਆਂ ਵੇਖਦਾ ਸਾਂ। ਉਹਨਾਂ ਦੀ ਦੁੱਧ ਚਿੱਟੀ ਦਾਹੜੀ ਵਾਲੀ ਮਨਮੋਹਣੀ ਤਸਵੀਰ ਮੇਰੇ ਚੇਤੇ ਵਿੱਚ ਵੱਸੀ ਹੋਈ ਹੈ। ਇੱਕ ਵਾਰ ਮੈਂ ਉਹਨਾਂ ਨੂੰ ਮਿਲਣ ਲਈ ਗਿਆ ਤਾਂ ਉਹ ਕਹਿਣ ਲੱਗੇ -ਤੂੰ ਆ ਗਿਆ ਹੈਂ? ਮੇਰੇ ਹੱਥ ਵਿੱਚ ਇੱਕ ਕਾਗਜ਼ ਤੇ ਪੈਨ ਫੜਾ ਦਿੱਤਾ। ਤੇ ਕੁਝ ਅੰਗਰੇਜ਼ੀ ਵਿੱਚ ਲਿਖਾਉਣ ਲੱਗੇ। ਮੈਂ ਤਾਂ ਉਹਨਾਂ ਕੋਲ ਪਹਿਲੀ ਵਾਰ ਗਿਆ ਸਾਂ। ਮੈ ਲਿਖਦਾ ਹੋਇਆ ਕੁਝ ਠਿਠਕ ਗਿਆ ਤੇ ਮੇਰੇ ਹੱਥੋਂ ਕਾਗਜ਼ ਖੋਹ ਲਿਆ। ਮੈਨੂੰ ਘਰੋਂ ਬਾਹਰ ਕੱਢਦੇ ਹੋਏ ਉੱਚੀ ਸਾਰੀ ਬੋਲੇ 'ਆਉਂਦਾ ਜਾਂਦਾ, ਹੈ ਕੁਝ ਨਹੀਂ ਤੇ ਆ ਜਾਂਦੇ ਨੇ'। ਮੈਂ ਜਿਹੜੇ ਕੰਮ ਉਹਨਾਂ ਨੂੰ ਮਿਲਣ ਗਿਆ ਸੀ। ਉਹ ਕਹਿਣ ਦਾ ਹੀਆ ਹੀ ਨਾ ਪਿਆ।

ਇਸ ਤੋਂ ਥੋਹੜਾ ਜਿਹਾ ਅੱਗੇ ਡਾਕਟਰ ਬਲਬੀਰ ਸਿੰਘ ਦਿਲ ਰਹਿੰਦੇ ਸਨ। ਉਹ ਸਰਕਾਰੀ ਕਾਲਜ ਵਿੱਚ ਲੈਕਚਰਾਰ ਸਨ। ਗੁਰੂ ਅਮਰ ਦਾਸ ਜੀ ਬਾਰੇ ਭਾਸ਼ਾ ਵਿਭਾਗ ਵੱਲੋਂ ਪ੍ਰਕਾਸ਼ਿਤ ਉਹਨਾਂ ਦੀ ਪੁਸਤਕ ਮੈਂ ਪੜ੍ਹ ਚੁੱਕਾ ਸਾਂ। ਉਹ ਅਕਸਰ ਮੇਰੇ ਘਰ ਆ ਜਾਂਦੇ ਸਨ। ਆਪਣੇ ਮਕਾਨ ਅਤੇ ਪੁਸਤਕਾਂ ਨੂੰ ਪੰਜਾਬੀ ਯੂਨੀਵਰਸਟੀ ਨੂੰ ਸੌਂਪਣ ਸਬੰਧੀ ਸਲਾਹਾਂ ਕਰਦੇ ਸਨ।

ਪੰਦਰਾਂ ਬੀ ਵਿੱਚ ਡਾਕਟਰ ਹਰਚਰਨ ਸਿੰਘ ਨਾਟਕਕਾਰ ਰਹਿੰਦੇ ਸਨ। ਉਹਨਾਂ ਦੇ ਘਰ ਮੈਂ ਕਿਰਾਏ ਤੇ ਰਿਹਾ ਸਾਂ। ਜਦੋਂ ਗੁਰੂ ਨਾਨਕ ਦੇਵ ਜੀ ਬਾਰੇ ਟੀ ਵੀ ਸੀਰੀਅਲ ਤਿਆਰ ਕਰ ਰਹੇ ਸਨ ਤਾਂ ਅਕਸਰ ਵਿਚਾਰ ਵਟਾਂਦਰਾਂ ਹੁੰਦਾ ਰਹਿੰਦਾ ਸੀ। ਉਹਨਾਂ ਦੀ ਗੱਲ ਬਾਤ ਵਿੱਚ 'ਬੱਲੇ ਬੱਲੇ' ਸੁਣਕੇ ਉਤਸ਼ਾਹ ਜਿਹਾ ਆ ਜਾਂਦਾ ਸੀ। ਉਹਨਾਂ ਦੇ ਘਰ ਹਰ ਵੇਲੇ ਪੰਜਾਬੀ ਸਾਹਿਤ ਬਾਰੇ- ਨਾਟਕ ਬਾਰੇ ਹੀ ਗੱਲਾਂ ਬਾਤਾਂ ਹੁੰਦੀਆਂ ਸਨ।

ਪੰਦਰਾਂ ਬੀ ਵਿੱਚ ਹੀ ਮੇਰੇ ਪੀਐਚ ਡੀ ਦੇ ਗਾਈਡ ਡਾਕਟਰ ਸੁਰਿੰਦਰ ਸਿੰਘ ਕੋਹਲੀ ਜੀ ਦਾ ਘਰ ਸੀ। ਮੈਂ ਜਦੋਂ ਵੀ ਉਹਨਾਂ ਨੂੰ ਆਪਣਾ ਕੋਈ ਚੈਪਟਰ ਦਿਖਾਉਣ ਜਾਂਦਾ ਤਾਂ ਉਹ ਪੜ੍ਹ ਕੇ ਕਦੀ ਝਿੜਕਦੇ ਨਹੀਂ ਸਨ, ਸਗੋਂ ਬੋਲਦੇ 'ਇਹ ਚੰਗਾ ਹੈ, ਪਰ ਜੇ ਇਸ ਨੂੰ ਇਸ ਤਰ੍ਹਾਂ ਲਿਖੀਏ ਤਾਂ ਠੀਕ ਲੱਗੇਗਾ।' ਉਹ ਰਵਾਇਤੀ

ਖੋਜ ਕਲਾ ਦੇ ਮਾਹਿਰ ਸਨ ਅਤੇ ਅਕਾਦਮਿਕ ਸ਼ਬਦਾਵਲੀ ਤੇ ਮੇਰੇ ਵੱਲੋਂ ਵਰਤੀ ਜਾਂਦੀ ਸ਼ਰਧਾਲੂ ਸ਼ਬਦਾਵਲੀ ਦਾ ਅੰਤਰ ਸਮਝਾਉਂਦੇ ਰਹਿੰਦੇ ਸਨ। ਉਹ ਆਮ ਤੌਰ ਤੇ ਆਪਣੇ ਘਰ ਦੇ ਇੱਕ ਕਮਰੇ ਵਿੱਚ ਅੰਗਰੇਜ਼ੀ ਦੇ ਇੱਕ ਪੁਰਾਣੇ ਟਾਈਪ ਰਾਈਟਰ ਤੇ ਇੱਕ ਉਂਗਲ ਨਾਲ ਹੀ ਟਾਈਪ ਕਰਦੇ ਰਹਿੰਦੇ ਸਨ। ਡਾਕਟਰ ਕੋਹਲੀ ਦੀ ਛਤਰਛਾਇਆ ਥੱਲੇ ਜਿਨ੍ਹਾਂ ਨੇ ਪੀਐਚ ਡੀ ਕੀਤੀ ਉਹਨਾਂ ਵਿੱਚੋਂ ਬਹੁਤ ਸਾਰੇ ਕਾਮਯਾਬ ਪ੍ਰੋਫੈਸਰ ਅਤੇ ਲੇਖਕ ਬਣੇ।

ਉਹਨਾਂ ਦੇ ਘਰ ਦੇ ਲਗਭਗ ਸਾਹਮਣੇ ਹੀ ਡਾਕਟਰ ਕਿਰਪਾਲ ਸਿੰਘ ਹਿਸਟਰੀ ਦੇ ਵਿਦਵਾਨ ਰਹਿੰਦੇ ਸਨ। ਜਿਹਨਾਂ ਨੂੰ ਮਿਲਣਾ ਹਰ ਵਾਰ ਹੀ ਸਾਰਥਕ ਹੋ ਜਾਂਦਾ ਸੀ। ਸੈਕਟਰ ਪੰਦਰਾਂ ਸੀ ਵਿੱਚ ਕੁਝ ਸਮਾਂ ਪ੍ਰੋਫੈਸਰ ਰਾਮ ਸਿੰਘ ਜੀ ਰਹਿੰਦੇ ਰਹੇ ਹਨ। ਉਹ ਵਿਦਵਤਾ ਦੀ ਮੂਰਤ ਸਨ। ਉਹਨਾਂ ਦੀ ਪੁਸਤਕ 'ਗੁਰੂ ਨਾਨਕ ਦੀ ਸੁਹਜ ਕਲਾ' ਮੇਰੀ ਮਨ ਭਾਉਂਦੀ ਪੁਸਤਕ ਰਹੀ ਹੈ। ਪੰਦਰਾਂ ਡੀ ਵਿੱਚ ਪੰਜਾਬੀ ਦੇ ਲੇਖਾਂ ਦੀ ਪੁਸਤਕ ਲਿਖਣ ਵਾਲੇ ਗਿਆਨੀ ਲਾਲ ਸਿੰਘ ਜੀ ਰਹਿੰਦੇ ਸਨ। ਉਹਨਾਂ ਨੂੰ ਮੈਂ ਕਈ ਵਾਰ ਰਿਕਸ਼ੇ ਤੇ ਬੈਠਾ ਵੇਖਿਆ ਹੈ।

ਮੈਂ ਪੰਦਰਾਂ ਬੀ ਵਿੱਚ ਕਿਰਾਏ ਤੇ ਰਹਿੰਦਾ ਸੀ। ਉਥੇ ਸਾਹਮਣੇ ਹੀ ਅਮਰ ਸਿੰਘ ਐਡਵੋਕੇਟ ਰਹਿੰਦੇ ਸਨ। ਉਹਨਾਂ ਕੋਲ ਇੱਕ ਦੋ ਵਾਰ ਡਾਕਟਰ ਹਰਭਜਨ ਸਿੰਘ ਦਿੱਲੀ ਯੂਨੀਵਰਸਿਟੀ ਵਾਲੇ ਆਏ ਤੇ ਮੈਨੂੰ ਉਹਨਾਂ ਨਾਲ ਸੈਰ ਕਰਨ ਦਾ ਮੌਕਾ ਮਿਲਿਆ ਤੇ ਉਹ ਮੇਰੇ ਨਾਲ ਸੰਗੀਤ ਦੀਆਂ ਬਾਰੀਕੀਆਂ ਬਾਰੇ ਗੱਲਾਂ ਕਰਦੇ ਰਹੇ। ਉਦੋਂ ਹੀ ਫਿਲਮ 'ਉਮਰਾਉ ਜਾਨ' ਆਈ ਸੀ ਤੇ ਉਹਨਾਂ ਉਸ ਵਿੱਚ ਗਾਈ ਗਜ਼ਲ 'ਦਿਲ ਚੀਜ਼ ਕਿਆ ਹੈ ਆਪ ਮੇਰੀ ਜਾਨ ਲੀਜੀਏ' ਦੀਆਂ ਕਈ ਰਮਜ਼ਾਂ ਸਾਂਝੀਆਂ ਕੀਤੀਆਂ।

ਮੈਂ ਹੁਣ ਵੀ ਪੰਦਰਾਂ ਸੈਕਟਰ ਵਿੱਚ ਹੀ ਰਹਿੰਦਾ ਹਾਂ। ਉਹਨਾਂ ਸੜਕਾਂ ਤੇ ਹੁਣ ਕਾਰਾਂ ਅਤੇ ਬੁਲਟਾਂ ਦਾ ਸ਼ੋਰ ਹੈ। ਇਹਨਾਂ ਵਿਦਵਾਨਾਂ ਦੇ ਘਰਾਂ ਨੇੜਿਓਂ ਲੰਘਦਿਆਂ ਉਹਨਾਂ ਦੀ ਯਾਦ ਅਜੇ ਵੀ ਹੁਲਾਰਾ ਜਿਹਾ ਦੇ ਜਾਂਦੀ ਹੈ। ਇਹਨਾਂ ਨੂੰ ਵੇਖਣ ਅਤੇ ਮਿਲਣ ਦਾ ਸੁਭਾਗ ਪੰਦਰਾਂ ਸੈਕਟਰ ਵਿੱਚ ਮੇਰੇ ਰਹਿਣ ਨੂੰ ਸਾਰਥਕਤਾ ਪ੍ਰਦਾਨ ਕਰਦਾ ਹੈ।

ਭੁੱਲ ਚੁੱਕ ਖਿਮਾ



# ਕਲੇਰਾਂ, ਸੇਵਾਪੰਥੀ, ਸਿੰਘਾਂ ਅਤੇ ਡੁਮੇਲੀ : ਕੀਰਤਨ ਟਕਸਾਲਾਂ

ਡਾ. ਗੁਰਨਾਮ ਸਿੰਘ

ਗੁਰਮਤਿ ਸੰਗੀਤ ਦੇ ਖੇਤਰ ਵਿਚ ਵੱਖ-ਵੱਖ ਕੀਰਤਨ ਟਕਸਾਲਾਂ ਨੇ ਸਮੇਂ-ਸਮੇਂ ਯੋਗਦਾਨ ਪਾਇਆ ਹੈ ਇਨ੍ਹਾਂ ਵਿਚੋਂ ਕਲੇਰਾਂ, ਸੇਵਾਪੰਥੀ, ਸਿੰਘਾਂ ਤੇ ਡੁਮੇਲੀ ਕੀਰਤਨ ਟਕਸਾਲਾਂ ਵੱਖ ਵੱਖ ਸਥਾਨਾਂ 'ਤੇ ਸਥਾਪਤ ਹਨ। ਵੱਖ-ਵੱਖ ਸੰਤ ਮਹਾਪੁਰਖਾਂ ਅਤੇ ਹੋਰ ਪੰਥਕ ਸ਼ਖਸੀਅਤਾਂ ਨੇ ਗੁਰਬਾਣੀ ਦੀ ਸੰਥਿਆ, ਵਿਆਖਿਆ ਪ੍ਰਣਾਲੀ, ਸ਼ਬਦ ਕੀਰਤਨ ਅਤੇ ਵੱਖ-ਵੱਖ ਸਾਜ਼ਾਂ ਦੀ ਸਿਖਲਾਈ ਪਰੰਪਰਾ ਨੂੰ ਸੰਸਥਾਗਤ ਰੂਪ ਵਿਚ ਵਿਕਸਤ ਕੀਤਾ। ਇਨ੍ਹਾਂ ਸਾਰਿਆਂ ਦਾ ਮਨੋਰਥ ਜਿਥੇ ਜਨ ਸਾਧਾਰਣ ਨੂੰ ਸਿੱਖੀ ਪਰੰਪਰਾ ਨਾਲ ਜੋੜਨਾ ਸੀ, ਉਥੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਇਕ ਸੁਸਿਖਿਅਤ ਪ੍ਰਚਾਰਕ ਸ਼੍ਰੇਣੀ ਤਿਆਰ ਕਰਨਾ ਵੀ ਸੀ। ਆਪੋ ਆਪਣੇ ਅਨੁਸ਼ਾਸਨ ਅਤੇ ਵਿਧੀ ਵਿਧਾਨ ਦੁਆਰਾ ਇਨ੍ਹਾਂ ਸਾਰੀਆਂ ਸ਼ਖਸੀਅਤਾਂ ਨੇ ਵੱਖ-ਵੱਖ ਸਥਾਨਾਂ 'ਤੇ ਸਿਖਲਾਈ ਦੀ ਪਰੰਪਰਾ ਚਲਾਈ ਜੋ ਟਕਸਾਲੀ ਪਰੰਪਰਾ ਤੋਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਪ੍ਰਭਾਵਿਤ ਸੀ। ਇਸੇ ਕਰਕੇ ਇਨ੍ਹਾਂ ਸਥਾਨਾਂ ਤੋਂ ਸਿਖੇ ਹੋਏ ਸਿਖਿਆਰਥੀ ਆਪਣੀ ਪ੍ਰਮਾਣਿਕਤਾ ਦਰਸਾਉਣ ਲਈ ਇਨ੍ਹਾਂ ਟਕਸਾਲਾਂ ਦੇ ਵਿਦਿਆਰਥੀਆਂ ਵਜੋਂ ਪਰਿਚੈ ਦਿੰਦੇ ਰਹੇ। ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਵਿਚ ਵੀ ਅਸੀਂ ਇਨ੍ਹਾਂ ਕੀਰਤਨ ਸਿਖਲਾਈ ਸਥਾਨਾਂ ਤੇ ਸੰਸਥਾਵਾਂ ਨੂੰ ਇਸੇ ਸੰਦਰਭ ਵਿਚ ਪਛਾਣਦੇ ਹਾਂ।

**ਕਲੇਰਾਂ ਟਕਸਾਲ**

ਸੰਤ ਬਾਬਾ ਨੰਦ ਸਿੰਘ ਜੀ ਦੀ ਅਗਵਾਈ ਵਿਚ ਨਾਮ ਸਿਮਰਨ ਤੇ ਬਾਣੀ ਪ੍ਰਵਾਹ ਦੇ ਨਾਲ-ਨਾਲ ਗੁਰੂ ਨਾਨਕ ਦੇ ਦਰੋਂ ਘਰੋਂ ਵਰੋਸਾਈ ਕੀਰਤਨ ਪਰੰਪਰਾ ਦੀ ਸਿਖਲਾਈ ਵੀ ਜ਼ਾਰੀ ਰਹੀ। ਪੰਥ ਪ੍ਰਸਿੱਧ ਕੀਰਤਨੀਏ ਸੰਤ ਸੁਜਾਨ ਸਿੰਘ ਜੀ ਇਸ ਟਕਸਾਲ ਨਾਲ ਸਬੰਧਿਤ ਰਹੇ। ਇਨ੍ਹਾਂ ਤੋਂ ਇਲਾਵਾ ਰਬਾਬੀ ਭਾਈ ਰਹੀਮ ਬਖ਼ਸ਼, ਕਰੀਮ ਬਖ਼ਸ਼ ਅਤੇ ਅਲੀ ਬਖ਼ਸ਼ ਤੋਂ ਇਲਾਵਾ ਪ੍ਰਸਿੱਧ ਤਬਲਾ ਵਾਦਕ ਭਾਈ ਨਸੀਰਾ ਵੀ ਇਸ ਟਕਸਾਲ ਨਾਲ ਸਬੰਧਤ ਰਹੇ। ਪ੍ਰਸਿੱਧ ਕੀਰਤਨਕਾਰ ਪ੍ਰੋ. ਦਰਸ਼ਨ ਸਿੰਘ, ਸਾਬਕਾ ਜਥੇਦਾਰ; ਭਾਈ ਹਰਬੰਸ ਸਿੰਘ ਜਗਾਧਰੀ, ਭਾਈ ਗੁਰਚਰਨ ਸਿੰਘ ਰਸੀਆ, ਭਾਈ ਦਵਿੰਦਰ ਸਿੰਘ ਸੋਢੀ ਆਦਿ ਇਸੇ ਟਕਸਾਲ ਦੇ ਵਰੋਸਾਏ ਕੀਰਤਨੀਏ ਹਨ।

ਭਾਈ ਕੇਹਰ ਸਿੰਘ ਇਸ ਟਕਸਾਲ ਦੇ ਸਮਕਾਲੀ ਉਸਤਾਦ ਕੀਰਤਨੀਆਂ ਵਿਚੋਂ ਪ੍ਰਮੁੱਖ ਹਨ। ਵਰਤਮਾਨ ਸਮੇਂ ਬਾਬਾ ਲੱਖਾ ਸਿੰਘ, ਬਾਬਾ ਘਾਲਾ ਸਿੰਘ ਦੀ ਅਗਵਾਈ ਵਿਚ ਇਸ ਟਕਸਾਲ ਦੀ ਕੀਰਤਨ

ਪਰੰਪਰਾ ਦੀ ਸਿਖਲਾਈ ਦੇ ਪ੍ਰਵਾਹ ਨਾਨਕਸਰ ਕਲੇਰਾਂ ਵਿਖੇ ਨਿਰੰਤਰ ਚਲ ਰਹੇ ਹਨ ਜਿਥੇ ਸਮੇਂ-ਸਮੇਂ ਵੱਖ-ਵੱਖ ਉਸਤਾਦ ਕੀਰਤਨੀਏ ਕੀਰਤਨ ਦੀ ਸਿਖਲਾਈ ਦਿੰਦੇ ਆ ਰਹੇ ਹਨ। (ਇਥੇ ਸਾਰਿਆਂ ਦੇ ਨਾਮ ਦੇਣੇ ਸੰਭਵ ਨਹੀਂ)

## ਸੇਵਾਪੰਥੀ ਟਕਸਾਲ

ਭਾਈ ਕਨ੍ਹਈਆ ਜੀ ਦੁਆਰਾ ਗੁਰੂ ਘਰ ਦੀ ਸੇਵਾ ਸੰਭਾਲ ਅਤੇ ਅਨਿਨ ਸ਼ਰਧਾ ਸਾਡੇ ਇਤਿਹਾਸ ਦਾ ਵਿਸ਼ੇਸ਼ ਹਿੱਸਾ ਹੈ ਜਿਨ੍ਹਾਂ ਨੇ ਗੁਰਮਰਿਆਦਾ ਨੂੰ ਆਪਣੇ ਜੀਵਨ ਦਾ ਅਨਿੱਖੜ ਅੰਗ ਬਣਾਇਆ ਉਥੇ ਸਿੱਖੀ ਦੇ ਪਰਚਾਰ ਲਈ ਵਿਵਹਾਰਕ ਯੋਗਦਾਨ ਵੀ ਪਾਇਆ। ਗੁਜਰਾਤ (ਪਾਕਿਸਤਾਨ) ਦੇ ਇਕ ਪਿੰਡ ਸੋਧਰੇ ਦੇ ਭਾਈ ਘਨ੍ਹਈਆ ਜੀ ਤੋਂ ਸੇਵਾਪੰਥੀ ਟਕਸਾਲ ਦਾ ਆਰੰਭ ਹੋਇਆ। ਇਹਨਾਂ ਤੋਂ ਬਾਅਦ ਭਾਈ ਸੇਵਾ ਰਾਮ ਜੀ, ਸੰਤੋਖ ਜੀ ਅੱਡਣ ਸ਼ਾਹ, ਛੱਲਾ ਜੀ, ਭਾਈ ਜਗਤਾ ਜੀ, ਹਜ਼ਾਰ ਰਾਮ ਜੀ ਸਮੇਂ ਸਮੇਂ ਇਸ ਟਕਸਾਲ ਦੀ ਸੇਵਾ ਕਰਦੇ ਰਹੇ। ਹਿੰਦੁਸਤਾਨ, ਪਾਕਿਸਤਾਨ ਦੀ ਵੰਡ ਤੋਂ ਬਾਅਦ ਭਾਈ ਗੁਲਾਬ ਸਿੰਘ ਜੀ ਨੇ ਟਿਕਾਣਾ ਭਾਈ ਜਗਤਾ ਜੋ ਗੋਨਿਆਣਾ ਮੰਡੀ ਬਠਿੰਡਾ ਵਿਚ 1935 ਵਿਚ ਸਥਾਪਤ ਕੀਤਾ। 1950 ਤੋਂ ਬਾਅਦ ਕੁਝ ਸਮਾਂ ਭਾਈ ਆਸਾ ਸਿੰਘ ਨੇ ਸੇਵਾ ਨਿਭਾਈ। ਸੰਨ 1973 ਤੋਂ ਮਹੰਤ ਤੀਰਥ ਸਿੰਘ ਜੀ ਸੇਵਾ ਪੰਥੀ ਟਕਸਾਲ ਦੇ ਸਰਪਰਸਤ ਸਨ ਜਿਨ੍ਹਾਂ ਦੁਆਰਾ ਅਨੇਕ ਸਕੂਲ, ਕਾਲਜ ਅਤੇ ਹਸਪਤਾਲ ਸੇਵਾ ਪੰਥੀ ਦੇ ਨਾਮ ਤੇ ਚਲਾਏ ਗਏ ਹੁਣ ਵੀ ਸੇਵਾਪੰਥੀ ਟਕਸਾਲ ਵਿਚ ਟਕਸਾਲ ਦੀ ਮਰਿਆਦਾ ਅਨੁਸਾਰ ਪਰੰਪਰਾਗਤ ਕੀਰਤਨ ਦੀ ਸਿੱਖਿਆ ਥਾਂ ਥਾਂ ਨਿਰੰਤਰ ਦਿੱਤੀ ਜਾ ਰਹੀ ਹੈ। ਵਿਭਿੰਨ ਰਾਗੀ ਜੱਥੇ ਗੋਨਿਆਣਾ ਟਕਸਾਲ ਵਿਚ ਗੁਰਬਾਣੀ ਸੰਗੀਤ ਦੀ ਸਿਖਲਾਈ ਤੋਂ ਬਾਅਦ ਵੱਖ-ਵੱਖ ਥਾਵਾਂ 'ਤੇ ਗੁਰਮਤਿ ਸੰਗੀਤ ਦਾ ਪਰਚਾਰ ਕਰ ਰਹੇ ਹਨ। ਰਾਗੀ ਹਰਭਜਨ ਸਿੰਘ ਨੇਤਰਹੀਣ ਕਈ ਸਾਲਾਂ ਤਕ ਇਥੇ ਗੁਰਬਾਣੀ ਸੰਗੀਤ ਦੀ ਸਿੱਖਿਆ ਦਿੰਦੇ ਰਹੇ। ਤਬਲਾ ਵਾਦਕ ਹਰਭਜਨ ਸਿੰਘ ਖੁਡੀਆ ਵੀ ਕੁਝ ਸਮਾਂ ਇਥੇ ਰਹੇ। ਵਰਤਮਾਨ ਸਮੇਂ ਇਹ ਟਕਸਾਲ ਯਮੁਨਾਨਗਰ ਤੇ ਗੋਨਿਆਣਾ ਮੰਡੀ ਵਿਖੇ ਗੁਰਮਤਿ ਸੰਗੀਤ ਵਿਦਿਆ ਦੁਆਰਾ ਆਪਣਾ ਯੋਗਦਾਨ ਪਾ ਰਹੀ ਹੈ।

## ਸਿੰਘਾਂ ਵਾਲੀ ਟਕਸਾਲ

ਪਿੰਡ ਸਿੰਘਾਂ ਮੋਗਾ- ਕੋਟਕਪੂਰਾ ਸੜਕ 'ਤੇ ਸਥਿਤ ਹੈ। ਇਸ ਟਕਸਾਲ ਦੀ ਸਥਾਪਨਾ ਭਾਈ ਸੁੰਦਰ ਸਿੰਘ ਅਤੇ ਭਾਈ ਗੁਰਬਚਨ ਸਿੰਘ ਵਲੋਂ ਕੀਤੀ ਗਈ ਜਿਨ੍ਹਾਂ ਰਾਗੀ ਪ੍ਰਤਾਪ ਸਿੰਘ, ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਨੂੰ ਇਸ ਇਲਾਕੇ ਵਿਚ ਕੀਰਤਨ ਸਿਖਲਾਈ ਦੇ

ਪ੍ਰਵਾਹ ਚਲਾਉਣ ਲਈ ਪ੍ਰੇਰਨਾ ਕੀਤੀ। ਰਾਗੀ ਰਾਮ ਸਿੰਘ, ਭਾਈ ਜਗਤ ਸਿੰਘ, ਭਾਈ ਧਰਮ ਸਿੰਘ, ਭਾਈ ਰਤਨ ਸਿੰਘ ਅਤੇ ਭਾਈ ਹਰਨੇਕ ਸਿੰਘ ਇਸ ਟਕਸਾਲ ਵਿਚ ਕੀਰਤਨ ਦੀ ਸਿਖਲਾਈ ਕਰਵਾਉਂਦੇ ਰਹੇ।

1916 ਤੋਂ 1947 ਤੱਕ ਰਾਗੀ ਰਾਮ ਸਿੰਘ ਨੇ ਸਿੰਘਾਂ ਵਾਲੀ ਟਕਸਾਲ ਵਿਚ ਵਿਦਿਆਰਥੀਆਂ ਨੂੰ ਗੁਰਮਤਿ ਤੇ ਸੰਗੀਤ ਨਾਲ ਜੋੜਿਆ। ਉਨ੍ਹਾਂ ਤੋਂ ਬਾਅਦ ਭਾਈ ਜਗਤ ਸਿੰਘ ਨੇ ਇਸ ਟਕਸਾਲ ਵਿਖੇ ਤਕਰੀਬਨ ਤਿੰਨ ਸਾਲ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿਤੀ। ਰਾਗੀ ਪ੍ਰਤਾਪ ਸਿੰਘ ਤੇ ਭਾਈ ਰਾਮ ਸਿੰਘ ਦੇ ਸ਼ਾਗਿਰਦ ਰਾਗੀ ਪ੍ਰੀਤਮ ਸਿੰਘ ਨੇ ਇਸ ਟਕਸਾਲ ਵਿਖੇ ਲੰਬਾ ਸਮਾਂ ਵਿਦਿਆਰਥੀਆਂ ਨੂੰ ਸ਼ਬਦ ਕੀਰਤਨ ਦੀ ਸਿਖਲਾਈ ਦਿਤੀ। ਆਪ ਤੰਤੀ ਸਾਜ਼ ਦਿਲਰੁਬਾ ਨਾਲ ਕੀਰਤਨ ਕਰਦੇ ਸਨ ਅਤੇ ਵਿਦਿਆਰਥੀਆਂ ਨੂੰ ਵੀ ਤੰਤੀ ਸਾਜ਼ਾਂ ਨਾਲ ਗੁਰਮਤਿ ਸੰਗੀਤ ਦੀ ਸਿੱਖਿਆ ਦਿੰਦੇ ਰਹੇ। ਆਪ ਨੇ 1950 ਤੋਂ 1971 ਤੱਕ ਇਸ ਟਕਸਾਲ ਵਿਖੇ ਆਪਣੀਆਂ ਸੇਵਾਵਾਂ ਦਿਤੀਆਂ। ਰਾਗੀ ਪ੍ਰੀਤਮ ਸਿੰਘ ਤੋਂ ਬਾਅਦ ਭਾਈ ਜੁਗਰਾਜ ਸਿੰਘ ਨੇ 1975 ਤੋਂ 1985 ਤੱਕ ਗੁਰਮਤਿ ਸੰਗੀਤ ਦੀ ਸਿੱਖਲਾਈ ਦਿਤੀ। ਆਪ ਪਹਿਲਾਂ ਇਸ ਟਕਸਾਲ ਦੇ ਵਿਦਿਆਰਥੀ ਵੀ ਰਹਿ ਚੁੱਕੇ ਸਨ। ਵਰਤਮਾਨ ਸਮੇਂ ਇਸ ਟਕਸਾਲ ਵਿਚ ਭਾਈ ਰਣਜੀਤ ਸਿੰਘ ਬੁੱਢਾ ਜੋਹੜ(ਰਾਜਸਥਾਨ) ਵਾਲੇ ਕੀਰਤਨ ਦੀ ਸੇਵਾ ਨਿਭਾ ਰਹੇ ਹਨ। ਆਪ ਨੇ ਭਾਈ ਨਿਰਮਲ ਸਿੰਘ ਖਾਲਸਾ ਤੋਂ ਸੰਨ 1980 ਤੋਂ 1982 ਵਿਚ ਬੁੱਢਾ ਜੋਹੜ ਦੀ ਟਕਸਾਲ ਵਿਖੇ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ।

### ਡੁਮੇਲੀ ਟਕਸਾਲ

ਗੁਰਮਤਿ ਸੰਗੀਤ ਦੇ ਪ੍ਰਸਿੱਧ ਸੰਗੀਤਾਚਾਰੀਆ ਸੰਤ ਸਰਵਣ ਸਿੰਘ ਗੰਧਰਵ ਨੇ 1900 ਦੇ ਕਰੀਬ ਡੁਮੇਲੀ ਦੇ ਸਥਾਨ 'ਤੇ ਇਕ ਟਕਸਾਲ ਵਜੋਂ ਕੀਰਤਨ ਦੀ ਸਿਖਲਾਈ ਦਾ ਆਰੰਭ ਕੀਤਾ। ਆਪਨੇ ਕੀਰਤਨ ਦੀ ਸਿੱਖਿਆ ਦੌਧਰ ਟਕਸਾਲ ਅਤੇ ਵੱਖ-ਵੱਖ ਉਸਤਾਦਾਂ ਤੋਂ ਪ੍ਰਾਪਤ ਕੀਤੀ ਸੀ। ਗੰਧਰਵ ਸਾਹਿਬ ਸੰਗੀਤ ਦੇ ਕਈ ਸਾਜ਼ ਵਜਾਉਣ ਵਿਚ ਮਾਹਰ ਸਨ। ਇਨ੍ਹਾਂ ਨੇ ਕਈ ਸਿਖਿਆਰਥੀਆਂ ਨੂੰ ਕੀਰਤਨ ਦੀ ਸਿੱਖਿਆ ਦਿਤੀ ਅਤੇ 'ਸੁਰ ਸਿਮਰਨ ਸੰਗੀਤ' ਨਾਮਕ ਸ਼ਬਦ ਕੀਰਤਨ ਰਚਨਾਵਾਂ ਦਾ ਇਕ ਵਿਸ਼ਾਲ ਸੰਗ੍ਰਹਿ ਸੱਤ ਭਾਗਾਂ ਵਿਚ ਪ੍ਰਕਾਸ਼ਿਤ ਕਰਵਾਇਆ। ਵਰਤਮਾਨ ਸਮੇਂ ਬਾਬਾ ਪ੍ਰੀਤਮ ਸਿੰਘ ਦੀ ਅਗਵਾਈ ਵਿਚ ਇਸ

ਟਕਸਾਲ ਵਿਖੇ ਕੀਰਤਨ ਦੀ ਸਿਖਲਾਈ ਨਿਰੰਤਰ ਦਿੱਤੀ ਜਾ ਰਹੀ ਹੈ।

ਗੁਰਮਤਿ ਸੰਗੀਤ ਦੀਆਂ ਵੱਖ-ਵੱਖ ਕੀਰਤਨ ਟਕਸਾਲਾਂ ਸਬੰਧੀ ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਵਲੋਂ ਨਿਰੰਤਰ ਖੋਜ ਕਾਰਜ ਜਾਰੀ ਹੈ। ਵਿਭਾਗ ਦੇ ਖੋਜਾਰਥੀ ਮਨਜੀਤ ਸਿੰਘ (ਅਸਿਸਟੈਂਟ ਪ੍ਰੋਫੈਸਰ, ਗੁਰਮਤਿ ਸੰਗੀਤ, ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ) ਗੁਰਮਤਿ ਸੰਗੀਤ ਦੀਆਂ ਟਕਸਾਲਾਂ ਉਤੇ ਖੋਜ ਕਰ ਰਹੇ ਹਨ। ਇਸੇ ਤਰ੍ਹਾਂ ਵੱਖ-ਵੱਖ ਕੀਰਤਨ ਟਕਸਾਲਾਂ ਸਬੰਧੀ ਖੋਜ ਨੂੰ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਹ ਖੋਜ ਕੇਵਲ ਇਤਿਹਾਸਕ ਵੇਰਵਿਆਂ ਤੱਕ ਸੀਮਤ ਨਹੀਂ ਸਗੋਂ ਇਸ ਵਿਚ ਇਨ੍ਹਾਂ ਟਕਸਾਲਾਂ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਸੰਗ੍ਰਹਿ ਤਿਆਰ ਕਰਨ ਅਤੇ ਇਨ੍ਹਾਂ ਦੇ ਵਿਸ਼ਲੇਸ਼ਣ ਤੋਂ ਸ਼ਬਦ ਗਾਇਕੀ ਦੀ ਪਰੰਪਰਾ ਨੂੰ ਪਛਾਨਣ ਦਾ ਕਾਰਜ ਜਾਰੀ ਹੈ। ਸਾਰੀਆਂ ਟਕਸਾਲਾਂ ਦੇ ਸਾਰੇ ਸਿਖਿਆਰਥੀਆਂ, ਉਸਤਾਦ ਅਧਿਆਪਕਾਂ ਸਬੰਧੀ ਸਾਰੇ ਵੇਰਵੇ ਇਨ੍ਹਾਂ ਸੰਖੇਪ ਰਚਨਾਵਾਂ ਵਿਚ ਦੇਣੇ ਸੰਭਵ ਨਹੀਂ ਸਨ, ਇਸ ਲਈ ਜਿਨ੍ਹਾਂ ਦਾ ਜ਼ਿਕਰ ਨਹੀਂ ਕਰ ਸਕੇ ਅਸੀਂ ਉਨ੍ਹਾਂ ਸਾਰਿਆਂ ਤੋਂ ਖਿਮਾਂ ਦੇ ਜਾਚਕ ਹਾਂ।

ਉਕਤ ਵਰਣਿਤ ਕੀਰਤਨ ਟਕਸਾਲਾਂ ਤੋਂ ਇਲਾਵਾ ਸਿੱਖ ਪੰਥ ਵਿਚ ਕਈ ਸੰਸਥਾਵਾਂ ਗੁਰਮਤਿ ਸੰਗੀਤ ਦਾ ਨਿਰੰਤਰ ਪ੍ਰਚਾਰ ਪ੍ਰਸਾਰ ਕਰ ਰਹੀਆਂ ਹਨ। ਜਿਨ੍ਹਾਂ ਵਿਚੋਂ ਸੈਂਟਰਲ ਯਤੀਮਖਾਨਾ ਚੀਫ ਖਾਲਸਾ ਦੀਵਾਨ, ਗੁਰਮਤਿ ਵਿਦਿਆਲਾ ਰਕਾਬਗੰਜ, ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ, ਗੁਰੂ ਕਾਂਸੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ, ਗੁਰਮਤਿ ਸੰਗੀਤ ਅਕਾਦਮੀ ਅਨੰਦਪੁਰ ਸਾਹਿਬ, ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਆਦਿ ਇਸ ਖੇਤਰ ਵਿਚ ਪ੍ਰਮੁੱਖ ਹਨ।

**ਬਾਨੀ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਗੁਰਮਤਿ ਸੰਗੀਤ ਵਿਚ ਰਬਾਬੀ ਕੀਰਤਨਕਾਰਾਂ ਦਾ ਯੋਗਦਾਨ

**ਅਜੈਪਾਲ ਸਿੰਘ ਚਵਿੰਡਾ**

ਗੁਰਮਤਿ ਸੰਗੀਤ ਵਿਚ ਰਬਾਬੀ ਸੰਗੀਤਕਾਰਾਂ ਜਾਂ ਕੀਰਤਨਕਾਰਾਂ ਦਾ ਆਰੰਭ ਤੋਂ ਹੀ ਬੜਾ ਯੋਗਦਾਨ ਰਿਹਾ ਹੈ। ਗੁਰਮਤਿ ਸੰਗੀਤ ਵਿਚ 'ਰਬਾਬੀ' ਸ਼ਬਦ ਰਬਾਬ ਵਾਦਕ ਦੇ ਸੰਦਰਭ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਰਬਾਬ ਇਕ ਤਾਰਾਂ ਵਾਲਾ ਸਾਜ਼ ਹੁੰਦਾ ਹੈ ਜਿਸ ਨੂੰ ਵਜਾਉਣ ਤੇ ਸੰਗੀਤ ਉਤਪੰਨ ਹੁੰਦਾ ਹੈ। ਇਸ ਦਾ ਉੱਲੇਖ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਮਿਲਦਾ ਹੈ–

- ਰਬਾਬ ਪਖਾਵਜ ਤਾਲ ਘੁੰਗਰੂ ਅਨਹਦ ਸਬਦਿ ਵਜਾਵੈ॥

(ਆਦਿ ਗ੍ਰੰਥ, ਪੰਨਾ 381)

- ਟੂਟੀ ਤੰਤ ਰਬਾਬ ਕੀ ਵਾਜੈ ਨਹੀ ਵਿਯੋਗਿ॥

(ਆਦਿ ਗ੍ਰੰਥ, ਪੰਨਾ 934)

ਸਿੱਖ ਧਰਮ ਵਿਚ ਕੀਰਤਨ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਆਰੰਭ ਹੋਈ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਪੂਰੀ ਤਰ੍ਹਾਂ ਪ੍ਰਫੁੱਲਿਤ ਹੋਈ। ਇਸ ਕੀਰਤਨ ਪਰੰਪਰਾ ਨੂੰ ਅੱਜ ਕੱਲ੍ਹ 'ਗੁਰਮਤਿ ਸੰਗੀਤ' ਕਿਹਾ ਜਾਂਦਾ ਹੈ। ਇਸ ਕੀਰਤਨ ਪਰੰਪਰਾ ਵਿਚ ਮੁੱਖ ਤੌਰ ਤੇ ਤਿੰਨ ਤਰ੍ਹਾਂ ਦੇ ਕੀਰਤਨਕਾਰਾਂ ਦਾ ਯੋਗਦਾਨ ਰਿਹਾ ਹੈ।

1. ਰਬਾਬੀ
2. ਰਾਗੀ
3. ਢਾਡੀ

ਗੁਰੂ ਨਾਨਕ ਦੇਵ ਜੀ ਦੇ ਸਮੇਂ ਰਬਾਬੀ ਪਰੰਪਰਾ

1. ਰਬਾਬੀ ਭਾਈ ਮਰਦਾਨਾ ਜੀ– ਸਿੱਖ ਧਰਮ ਵਿਚ ਆਰੰਭ ਤੋਂ ਹੀ ਰਬਾਬੀ ਕੀਰਤਨਕਾਰਾਂ ਦੀ ਪਰੰਪਰਾ ਰਹੀ ਹੈ। ਇਹ ਪ੍ਰਥਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਈ ਮਰਦਾਨਾ ਜੀ ਤੋਂ ਆਰੰਭ ਹੋਈ। ਇਸ ਤੋਂ ਪਹਿਲਾਂ ਮੁਸਲਮਾਨ ਗਾਇਕਾਂ ਨੂੰ ਮਿਰਾਸੀ ਕਿਹਾ ਜਾਂਦਾ ਸੀ ਪ੍ਰੰਤੂ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਹਨਾਂ ਨੂੰ ਰਬਾਬੀ ਨਾਮ ਦਿੱਤਾ ਗਿਆ। ਗੁਰੂ ਜੀ ਦੇ ਸਮੇਂ ਭਾਈ ਮਰਦਾਨਾ ਰਬਾਬ ਵਜਾਉਣ ਵਿਚ ਨਿਪੁੰਨ ਸਨ। ਕਿਹਾ ਜਾਂਦਾ ਹੈ ਕਿ ਗੁਰੂ ਜੀ ਜਦੋਂ ਵੀ ਆਪ ਇਲਾਹੀ ਬਾਣੀ ਦਾ ਕੀਰਤਨ ਕਰਦੇ ਤਾਂ ਭਾਈ ਮਰਦਾਨੇ ਦੀ ਰਬਾਬ ਤੇ ਸੰਗਤ ਇਕ ਅਨੂਠਾ ਵਾਤਾਵਰਣ ਪੈਦਾ ਕਰ ਦਿੰਦੀ ਸੀ। ਇਸ ਦਾ ਉੱਲੇਖ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਕੀਤਾ ਹੈ।

- ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ॥
  ਇਕੁ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥

(ਵਾਰਾਂ ਭਾਈ ਗੁਰਦਾਸ, ਵਾਰ 1, ਪੰਨਾ 18)

ਰਬਾਬ ਵਾਦਕ ਭਾਈ ਮਰਦਾਨੇ ਦੀ ਸੰਗੀਤ ਪ੍ਰਤਿਭਾ ਨੂੰ ਦੇਖਦੇ ਹੋਏ ਗੁਰੂ ਜੀ ਨੇ ਇਹਨਾਂ ਨੂੰ ਭਾਈ ਦੀ ਪਦਵੀ ਨਾਲ ਸਨਮਾਨਿਤ ਕੀਤਾ। ਉਦੋਂ ਤੋਂ ਆਪ ਭਾਈ ਮਰਦਾਨੇ ਦੇ ਨਾਮ ਨਾਲ ਪ੍ਰਸਿੱਧ ਹੋਏ। ਭਾਈ ਜੀ ਤੋਂ ਰਬਾਬੀ ਕੀਰਤਨਕਾਰਾਂ ਦੀ ਪ੍ਰਥਾ ਆਰੰਭ ਹੋਈ ਅਤੇ ਸਾਰੇ ਗੁਰੂ ਸਾਹਿਬਾਨਾਂ ਦੇ ਸਮੇਂ ਕੀਰਤਨ ਦੀ ਪ੍ਰਥਾ ਨੂੰ ਪ੍ਰਫੁੱਲਿਤ ਕਰਨ ਵਿਚ ਇਨ੍ਹਾਂ ਰਬਾਬੀ ਕੀਰਤਨਕਾਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

ਇਸ ਤਰ੍ਹਾਂ ਗੁਰਮਤਿ ਸੰਗੀਤ ਵਿਚ ਭਾਈ ਮਰਦਾਨੇ ਤੋਂ ਰਬਾਬੀ ਘਰਾਣੇ ਦਾ ਆਰੰਭ ਹੋਇਆ। ਇਹਨਾਂ ਦੀ ਵੰਸ਼ ਨੂੰ 'ਰਬਾਬੀ' ਜਾਂ 'ਮਰਦਾਨੇ ਕੇ' ਕਿਹਾ ਜਾਂਦਾ ਹੈ ਅਤੇ ਰਬਾਬੀ ਕੀਰਤਨਕਾਰਾਂ ਨੂੰ ਭਾਈ

ਸ਼ਬਦ ਨਾਲ ਸੰਬੋਧਨ ਕਰ ਕੇ ਸਨਮਾਨਿਤ ਕੀਤਾ ਜਾਂਦਾ ਹੈ। ਰਬਾਬੀ ਕੀਰਤਨਕਾਰ ਰਬਾਬ ਵਜਾਉਣ ਵਿਚ ਨਿਪੁੰਨ ਹੋਣ ਦੇ ਨਾਲ ਨਾਲ ਉੱਚ ਕੋਟੀ ਦੇ ਗਾਇਕ ਵੀ ਸਨ ਅਤੇ ਗੁਰੂ ਦਰਬਾਰ ਵਿਚ ਕੀਰਤਨ ਵੀ ਕਰਦੇ ਸਨ। ਰਬਾਬੀ ਕੀਰਤਨਕਾਰਾਂ ਦੇ ਆਰੰਭ ਕਰਤਾ ਭਾਈ ਮਰਦਾਨੇ ਨੂੰ ਸਦਾ ਰਬਾਬੀ ਪਰੰਪਰਾ ਦੇ ਆਦਿ ਸੰਗੀਤ ਆਚਾਰੀਆ ਦੇ ਰੂਪ ਵਿਚ ਸਨਮਾਨਿਤ ਕੀਤਾ ਜਾਂਦਾ ਰਹੇਗਾ।

2. ਰਬਾਬੀ ਸ਼ਾਹਜ਼ਾਦ- ਭਾਈ ਮਰਦਾਨਾ ਤੋਂ ਬਾਅਦ ਰਬਾਬੀ ਸ਼ਾਹਜ਼ਾਦ ਜੋ ਭਾਈ ਮਰਦਾਨਾ ਦੇ ਪੁੱਤਰ ਸਨ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਸਵੇਰੇ ਸ਼ਾਮ ਕੀਰਤਨ ਕਰਦੇ ਸਨ।

ਗੁਰੂ ਅੰਗਦ ਦੇਵ ਜੀ ਦੇ ਸਮੇਂ ਰਬਾਬੀ ਪਰੰਪਰਾ

1. ਰਬਾਬੀ ਸੱਤਾ ਤੇ ਬਲਵੰਡ- ਰਬਾਬੀ ਪਰੰਪਰਾ ਵਿਚੋਂ ਹੀ ਸੱਤਾ ਤੇ ਬਲਵੰਡ ਕੀਰਤਨਕਾਰ ਹੋਏ ਹਨ। ਇਹਨਾਂ ਨੂੰ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਗੁਰੂ ਦਰਬਾਰ ਵਿਚ ਕੀਰਤਨ ਕਰਨ ਦਾ ਸਨਮਾਨ ਪ੍ਰਾਪਤ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਹੀ ਬਾਣੀ ਗਾਇਣ ਕਰਨ ਲਈ ਬਲਵੰਡ ਰਬਾਬੀ ਨੂੰ ਭੇਜਿਆ। ਇਸ ਦਾ ਉੱਲੇਖ ਮਹਿਮਾ ਪ੍ਰਕਾਸ਼ ਵਿਚ ਇਸ ਤਰ੍ਹਾਂ ਮਿਲਦਾ ਹੈ-

- ਬਲਵੰਡ ਰਬਾਬੀ ਤੁਮ ਸੰਗ ਜਾਵੈ ॥
  ਸਮੇਂ ਸਮੇਂ ਹਰਿ ਕੀਰਤਨ ਗਾਵੈ ॥

(ਮਹਿਮਾ ਪ੍ਰਕਾਸ਼, ਛੰਦ 165)

ਗੁਰੂ ਨਾਨਕ ਦੇਵ ਜੀ ਦੇ ਸਮੇਂ ਕੀਰਤਨ ਦਾ ਮੁੱਖ ਕੇਂਦਰ ਸਥਾਨ ਕਰਤਾਰਪੁਰ ਸੀ। ਗੁਰੂ ਅੰਗਦ ਦੇਵ ਜੀ ਦੇ ਕਰਤਾਰਪੁਰ ਤੋਂ ਖਡੂਰ ਸਾਹਿਬ ਆ ਜਾਣ ਤੇ ਖਡੂਰ ਸਾਹਿਬ ਵਿਚ ਕੀਰਤਨ ਦੀ ਮਰਯਾਦਾ ਨੂੰ ਕਾਇਮ ਰੱਖਿਆ। ਇੱਥੇ ਸੱਤਾ ਤੇ ਬਲਵੰਡ ਰਬਾਬੀ ਸਵੇਰੇ ਸ਼ਾਮ ਕੀਰਤਨ ਕਰਦੇ ਸਨ। ਭਾਈ ਵੀਰ ਸਿੰਘ ਦੇ ਮੱਤ ਅਨੁਸਾਰ ਸੱਤਾ ਤੇ ਬਲਵੰਡ ਦੀ ਕੀਰਤਨ ਚੌਂਕੀ ਖਡੂਰ ਸਾਹਿਬ ਦੇ ਵਿਚ ਆਰੰਭ ਹੋਣ ਦੇ ਕਾਰਨ ਹੀ ਉਨ੍ਹਾਂ ਦੀ ਵੰਸ਼ ਪਰੰਪਰਾ ਨੂੰ ਖਡੂਰੀਏ ਰਬਾਬੀ ਕਿਹਾ ਜਾਣ ਲੱਗ ਪਿਆ।

ਗੁਰੂ ਅੰਗਦ ਦੇਵ ਜੀ ਦੇ ਸਮੇਂ ਸੱਤਾ ਤੇ ਬਲਵੰਡ ਤੋਂ ਇਲਾਵਾ ਭਾਈ ਮਰਦਾਨੇ ਦੇ ਪੋਤੇ ਭਾਈ ਸਾਦੂ ਬਾਦੂ ਅਤੇ ਰਜ਼ਾਦਾ ਨਾਮ ਦੇ ਰਬਾਬੀਆਂ ਦੇ ਦੁਆਰਾ ਕੀਰਤਨ ਕੀਤੇ ਜਾਣ ਦੇ ਉੱਲੇਖ ਪ੍ਰਾਪਤ ਹੁੰਦੇ ਹਨ।

ਗੁਰੂ ਅਮਰਦਾਸ ਜੀ ਦੇ ਸਮੇਂ ਰਬਾਬੀ ਪਰੰਪਰਾ- ਗੁਰੂ ਜੀ ਦੇ ਸਮੇਂ ਗੋਇੰਦਵਾਲ ਸਾਹਿਬ ਕੀਰਤਨ ਦਾ ਮੁੱਖ ਕੇਂਦਰ ਸਥਾਨ ਬਣਿਆ। ਗੁਰੂ ਜੀ ਦੇ ਸਮੇਂ ਵੀ ਸੱਤਾ ਤੇ ਬਲਵੰਡ ਹਜ਼ੂਰੀਏ ਕੀਰਤਨਕਾਰ ਸਨ। ਇਹਨਾਂ ਤੋਂ ਇਲਾਵਾ ਭਾਈ ਪਾਂਧਾ, ਭਾਈ ਬੂਲਾ, ਸਾਦੂ ਅਤੇ ਬਾਦੂ ਕੀਰਤਨਕਾਰ ਵੀ ਆਪ ਦੇ ਸਮੇਂ ਵਿਚ ਹੋਏ ਹਨ। ਪ੍ਰਾਤਾ ਕਾਲ ਭਾਈ ਸਾਦੂ ਤੇ ਬਾਦੂ ਕੀਰਤਨ ਕਰਦੇ ਸਨ। ਭਾਈ ਪਾਂਧਾ ਤੇ ਭਾਈ ਬੂਲਾ ਦੇ ਦੁਆਰਾ ਕੀਰਤਨ ਕੀਤੇ ਜਾਣ ਦੇ ਉੱਲੇਖ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਮਿਲਦੇ ਹਨ।

- ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ ॥

(ਵਾਰਾਂ ਭਾਈ ਗੁਰਦਾਸ, ਵਾਰ 11, ਪਉੜੀ 16, ਪੰਨਾ 121)

ਇਸ ਤਰ੍ਹਾਂ ਗੁਰੂ ਜੀ ਦੇ ਸਮੇਂ ਰਬਾਬੀ ਕੀਰਤਨਕਾਰਾਂ ਦੇ ਦੁਆਰਾ ਕੀਰਤਨ ਦੀ ਪ੍ਰਥਾ ਪਹਿਲੇ ਦੀ ਤਰ੍ਹਾਂ ਪ੍ਰਚਲਿਤ ਰਹੀ। ਗੁਰੂ ਜੀ ਨੇ ਕੀਰਤਨ ਦੀ ਸੰਗਤ ਲਈ ਸਾਰੰਦਾ ਨਾਮ ਦੇ ਇਕ ਤੰਤੀ ਸਾਜ਼ ਦਾ ਆਵਿਸ਼ਕਾਰ ਕੀਤਾ। ਇਸ ਸਾਜ਼ ਨੂੰ ਰਬਾਬੀ ਹੀ ਵਜਾਉਂਦੇ ਸਨ।

ਗੁਰੂ ਰਾਮਦਾਸ ਜੀ ਦੇ ਸਮੇਂ ਰਬਾਬੀ ਪਰੰਪਰਾ- ਗੁਰੂ ਜੀ ਦੇ ਸਮੇਂ ਕੀਰਤਨ ਅਤੇ ਧਰਮ ਪ੍ਰਚਾਰ ਦਾ ਮੁੱਖ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਬਣਾਇਆ ਗਿਆ। ਇਸ ਸਮੇਂ ਵੀ ਭਾਈ ਸੱਤਾ ਤੇ ਬਲਵੰਡ ਰਬਾਬੀ ਹੀ ਕੀਰਤਨ ਕਰਦੇ ਸਨ। ਪ੍ਰਾਤਾਕਾਲ ਆਸਾ ਦੀ ਵਾਰ ਦਾ ਕੀਰਤਨ ਕੀਤਾ ਜਾਂਦਾ ਸੀ। ਗੁਰੂ ਜੀ ਨਾ ਕੇਵਲ

ਕੀਰਤਨ ਸੁਣਦੇ ਹੀ ਸਨ ਬਲਕਿ ਆਪ ਵੀ ਕੀਰਤਨ ਕਰਦੇ ਸਨ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਰਬਾਬੀ ਪਰੰਪਰਾ- ਗੁਰੂ ਜੀ ਨੇ ਕੀਰਤਨ ਨੂੰ ਬੜਾ ਉੱਚਾ ਸਥਾਨ ਦਿੱਤਾ। ਕੀਰਤਨ ਦਾ ਪ੍ਰਵਾਹ ਭਾਈ ਸੱਤਾ ਤੇ ਭਾਈ ਬਲਵੰਡ ਰਬਾਬੀਆਂ ਦੁਆਰਾ ਹੀ ਚੱਲਦਾ ਰਿਹਾ। ਰਬਾਬੀ ਕੀਰਤਨਕਾਰਾਂ ਦੁਆਰਾ ਕੀਰਤਨ ਦੀ ਸੰਗਤ ਦੇ ਲਈ ਰਬਾਬ ਅਤੇ ਮ੍ਰਿਦੰਗ ਸਾਜ਼ਾਂ ਦੇ ਪ੍ਰਯੋਗ ਦਾ ਉੱਲੇਖ ਮਿਲਦਾ ਹੈ।

- ਗੁਰਬਾਣੀ ਲਿਖਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੇ॥

(ਵਾਰਾਂ ਭਾਈ ਗੁਰਦਾਸ, ਵਾਰ 6, ਪੰਨਾ 54)

ਭਾਈ ਸੱਤਾ ਤੇ ਬਲਵੰਡ ਜੀ ਨੇ ਇਕ 'ਵਾਰ' ਦੀ ਰਚਨਾ ਵੀ ਕੀਤੀ। ਇਹਨਾਂ ਦੁਆਰਾ ਰਚਿਤ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

- ਰਾਮਕਲੀ ਕੀ ਵਾਰ ਬਲਵੰਡ ਤਥਾ ਸਤੈ ਡੂਮ ਆਖੀ
  ਨਾਉ ਕਰਤਾ ਕਾਦਰ ਕਰੇ ਕਿਉ ਬੋਲ ਹੋਵੈ ਜੋਖੀਵਦੈ॥
  ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨ ਪੜੀਵਦੈ॥
  ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ॥

(ਆਦਿ ਗ੍ਰੰਥ, ਪੰਨਾ 166)

ਭਾਈ ਸੱਤੇ ਅਤੇ ਬਲਵੰਡ ਤੋਂ ਇਲਾਵਾ ਭਾਈ ਝਾਂਜੂ, ਭਾਈ ਮੁਕੰਦ ਅਤੇ ਭਾਈ ਕੇਦਾਰਾ ਵੀ ਹਜ਼ੂਰੀ ਕੀਰਤਨਕਾਰ ਸਨ। ਇਹਨਾਂ ਦਾ ਉੱਲੇਖ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਇਸ ਤਰ੍ਹਾਂ ਆਇਆ ਹੈ।

- ਗੋਖੂ ਟੋਡਾ ਮਹਤਿਆ ਤੋਤਾ ਮਦੂ ਸਬਦ ਵੀਚਾਰਾ॥
  ਝਾਂਝੂ ਅਤੇ ਮੁਕੰਦੁ ਹੈ ਕੀਰਤਨੁ ਕਰੈ ਹਜ਼ੂਰਿ ਕਿਦਾਰਾ॥
  ਸਾਧਸੰਗਤਿ ਪਰਗਟੁ ਪਹਾਰਾ॥

(ਵਾਰਾਂ ਭਾਈ ਗੁਰਦਾਸ, ਵਾਰ 11, ਪਉੜੀ 18, ਪੰਨਾ 122)

ਗੁਰੂ ਜੀ ਦੇ ਸਮੇਂ ਵਿਚ ਭਾਈ ਸੱਤਾ ਤੇ ਭਾਈ ਬਲਵੰਡ ਰਬਾਬੀਆਂ ਨੇ ਕਿਸੇ ਕਾਰਨ ਕਰਕੇ ਗੁਰੂ ਦਰਬਾਰ ਵਿਚ ਕੀਰਤਨ ਕਰਨਾ ਛੱਡ ਦਿੱਤਾ। ਅਜਿਹੇ ਸਮੇਂ ਵਿਚ ਗੁਰੂ ਜੀ ਨੇ ਆਪ ਸਮੂਹ ਸੰਗਤ ਨੂੰ ਕੀਰਤਨ ਗਾਇਣ ਦੀ ਪ੍ਰੇਰਨਾ ਦਿੱਤੀ ਅਤੇ ਕੀਰਤਨ ਦੀ ਪ੍ਰਥਾ ਨੂੰ ਕਾਇਮ ਰੱਖਿਆ। ਇਸ ਤੋਂ ਪਹਿਲਾਂ ਗੁਰੂ ਘਰਾਂ ਵਿਚ ਪ੍ਰਮੁੱਖ ਰੂਪ ਵਿਚ ਰਬਾਬੀ ਹੀ ਕੀਰਤਨ ਕਰਦੇ ਸਨ। ਗੁਰੂ ਜੀ ਦੇ ਸਮੇਂ ਵਿਚ ਰਾਗੀ ਕੀਰਤਨਕਾਰਾਂ ਦੀ ਪ੍ਰਥਾ ਆਰੰਭ ਹੋਈ। ਉਸ ਸਮੇਂ ਦੇ ਭੱਟ ਗੁਰੂ ਘਰਾਂ ਵਿਚ ਕੀਰਤਨ ਕਰਨ ਲੱਗ ਪਏ ਸਨ ਅਤੇ ਰਾਗੀ ਕਹਾਉਣ ਲੱਗ ਪਏ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਰਬਾਬੀ ਪਰੰਪਰਾ- ਰਬਾਬੀ ਕੀਰਤਨਕਾਰਾਂ ਦੀ ਜੋ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਆਰੰਭ ਹੋਈ ਸੀ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਇਸ ਦਾ ਕ੍ਰਮਿਕ ਵਿਕਾਸ ਹੁੰਦਾ ਗਿਆ। ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਵੀ ਕੀਰਤਨ ਦੀ ਪਰੰਪਰਾ ਗੁਰੂ ਦਰਬਾਰਾਂ ਵਿਚ ਜਿਉਂ ਦੀ ਤਿਉਂ ਚਲਦੀ ਰਹੀ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਕੀਰਤਨਕਾਰਾਂ ਦੀ ਢਾਡੀ ਪ੍ਰਥਾ ਪ੍ਰਫੁੱਲਿਤ ਹੋਈ। ਸਿੱਖ ਸੰਗਤਾਂ ਨੂੰ ਉਤਸ਼ਾਹਿਤ ਕਰਨ ਲਈ ਢਾਡੀ ਵਾਰ ਗਾਇਣ ਕਰਦੇ ਸਨ। ਭਾਈ ਅਬਦੁੱਲਾ ਅਤੇ ਭਾਈ ਨੱਥਾ ਜੀ ਢਾਡੀ ਇਸੇ ਸਮੇਂ ਵਿਚ ਹੋਏ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਰਾਗੀ ਅਤੇ ਢਾਡੀ ਕੀਰਤਨਕਾਰਾਂ ਦੇ ਨਾਲ ਰਬਾਬੀ ਕੀਰਤਨਕਾਰਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ। ਇਸ ਸਮੇਂ ਰਬਾਬੀ ਕੀਰਤਨਕਾਰ ਤਾਊਸ ਨਾਮ ਦੇ ਸਾਜ਼ ਦਾ ਵੀ ਪ੍ਰਯੋਗ ਕੀਰਤਨ ਵਿਚ ਕਰਨ ਲੱਗੇ। ਚੰਡੀ ਚਰਿੱਤਰ ਵਿਚ ਰਬਾਬੀਆਂ ਦਾ ਉੱਲੇਖ ਇਸ ਤਰ੍ਹਾਂ ਆਇਆ ਹੈ।

- ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈ॥

ਗੁਰੂ ਸਾਹਿਬਾਨਾਂ ਉਪਰੰਤ ਰਬਾਬੀ ਪਰੰਪਰਾ- ਗੁਰੂ ਕਾਲ ਉਪਰੰਤ ਜਿਨ੍ਹਾਂ ਰਬਾਬੀ ਕੀਰਤਨਕਾਰਾਂ ਨੇ ਕੀਰਤਨ ਦੀ ਪਰੰਪਰਾ ਵਿਚ ਯੋਗਦਾਨ ਦਿੱਤਾ ਉਨ੍ਹਾਂ ਵਿਚੋਂ ਪ੍ਰਮੁੱਖ ਹਨ- ਭਾਈ ਬਾਬਕ (ਭਾਈ ਸੱਤੇ ਦੇ ਪੁੱਤਰ), ਭਾਈ ਚਤਰਾ (ਭਾਈ ਬਾਬਕ ਦੇ ਪੁੱਤਰ), ਭਾਈ ਸਾਦੂ ਤੇ ਭਾਈ ਬਾਦੂ, ਨੱਥਾ, ਅਬਦੁੱਲਾ, ਭੀਖਾ, ਜਾਲਪ, ਸਾਲ, ਰਾਮੂ, ਦੀਆ, ਨਸੌੜੀ, ਪਾਂਧਾ, ਬੁੱਲਾ ਅਤੇ ਸ਼ਾਹ ਹੁਸੈਨ ਆਦਿ। ਗੁਰੂ ਗੋਬਿੰਦ ਸਿੰਘ ਜੀ ਦੇ ਬਾਅਦ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਕੀਰਤਨ ਦਾ ਪ੍ਰਵਾਹ ਕੁਝ ਟੁੱਟ ਜਿਹਾ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਬਾਬੀ ਮਾਸਿਕ ਵੇਤਨ ਲੈ ਕੇ ਕੀਰਤਨ ਕਰਨ ਲੱਗ ਪਏ ਸਨ। ਭਾਈ ਮਨਸਾ ਸਿੰਘ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਪ੍ਰਸਿੱਧ ਰਾਗੀ ਸਨ। 1900 ਈ. ਦੇ ਲਗਭਗ ਭਾਈ ਚਾਂਦ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹਜ਼ੂਰੀ ਰਾਗੀ ਸਨ। ਇਸ ਤੋਂ ਪਿੱਛੋਂ ਇਹਨਾਂ ਦੇ ਸ਼ਾਗਿਰਦ ਗੁਰਮੁੱਖ ਸਿੰਘ, ਭਾਈ ਹਰਸਾ ਸਿੰਘ ਧਰੁੱਪਦੀਏ ਅਤੇ ਭਾਈ ਉੱਤਮ ਸਿੰਘ ਉੱਤਮ ਕੀਰਤਨਕਾਰ ਸਨ। ਭਾਈ ਉੱਤਮ ਸਿੰਘ ਦਿਲਰੁਬਾ ਵਜਾਉਣ ਵਿਚ ਨਿਪੁੰਨ ਸਨ ਅਤੇ ਅਨੇਕ ਰਾਗੀ ਅਤੇ ਰਬਾਬੀ ਇਹਨਾਂ ਤੋਂ ਸੰਗੀਤ ਦੀ ਸਿੱਖਿਆ ਲੈਂਦੇ ਸਨ। 19ਵੀਂ ਸ਼ਤਾਬਦੀ ਦੇ ਅੰਤ ਵਿਚ ਭਾਈ ਸੰਤ ਰਬਾਬੀ ਅਤੇ ਭਾਈ ਵਧਵਾ ਰਬਾਬੀ ਕੀਰਤਨਕਾਰ ਹੋਏ। 20ਵੀਂ ਸਦੀ ਦੇ ਉੱਤਰ-ਅਰਧ ਵਿਚ ਭਾਈ ਅਰੂੜਾ ਬਹੁਮੁੱਖੀ ਪ੍ਰਤਿਭਾ ਦੇ ਰਾਗੀ ਸਨ ਅਤੇ ਉਹ ਤਾਊਸ, ਰਬਾਬ, ਤਬਲਾ, ਹਤਰਮੋਨੀਅਮ ਆਦਿ ਸਾਜ਼ ਵਜਾਉਣ ਵਿਚ ਨਿਪੁੰਨ ਸਨ।

ਅਜ਼ਾਦੀ ਤੋਂ ਪਿੱਛੋਂ ਰਬਾਬੀ ਪਰੰਪਰਾ- ਅਜ਼ਾਦੀ ਤੋਂ ਪਿੱਛੋਂ ਜ਼ਿਆਦਾਤਰ ਰਬਾਬੀ ਕੀਰਤਨਕਾਰ ਪਾਕਿਸਤਾਨ ਚਲੇ ਗਏ। ਉਥੇ ਰਬਾਬੀ ਕੀਰਤਨਕਾਰਾਂ ਨੂੰ ਬਹੁਤ ਮਾਣ-ਸਨਮਾਣ ਨਹੀਂ ਮਿਲ ਸਕਿਆ। ਇਸ ਲਈ ਰਬਾਬੀ ਕੀਰਤਨਕਾਰਾਂ ਦੀ ਪ੍ਰਥਾ ਕੁਝ ਧੁੰਦਲੀ ਪੈ ਗਈ। ਫਿਰ ਵੀ ਅਜ਼ਾਦੀ ਤੋਂ ਪਿੱਛੋਂ ਜਿਨ੍ਹਾਂ ਕੀਰਤਨਕਾਰਾਂ ਦਾ ਗੁਰਮੁਤਿ ਸੰਗੀਤ ਨੂੰ ਪ੍ਰਫੁੱਲਿਤ ਕਰਨ ਵਿਚ ਵਿਸ਼ੇਸ਼ ਯੋਗਦਾਨ ਰਿਹਾ ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ- ਭਾਈ ਹਰਸਾ ਸਿੰਘ, ਗੁਰਮੁਖ ਸਿੰਘ, ਦਰਸ਼ਨ ਸਿੰਘ ਕੋਮਲ, ਬਚਿੱਤਰ ਸਿੰਘ, ਭਾਈ ਧਿਆਨ ਸਿੰਘ, ਭਾਈ ਬਾਤਮ ਸਿੰਘ, ਭਾਈ ਸਨਮੁੱਖ ਸਿੰਘ, ਭਾਈ ਹਰਦਿੱਤ ਸਿੰਘ, ਭਾਈ ਜਵਾਲਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਲਾਭ ਸਿੰਘ, ਭਾਈ ਸ਼ਾਮ ਸਿੰਘ, ਭਾਈ ਸੁੰਦਰ ਸਿੰਘ, ਭਾਈ ਦੇਸਾ, ਭਾਈ ਸੰਤਾ, ਭਾਈ ਚਾਂਦ ਆਦਿ।

ਵਰਤਮਾਨ ਵਿਚ ਗੁਰੂ ਦਰਬਾਰ ਵਿਚ ਰਾਗੀ ਅਤੇ ਰਬਾਬੀ ਕੀਰਤਨਕਾਰਾਂ ਦੀ ਮਿਲੀ-ਜੁਲੀ ਪਰੰਪਰਾ ਹੈ। ਰਬਾਬੀ ਕੀਰਤਨਕਾਰਾਂ ਦੀ ਅਲੱਗ ਰੂਪ ਵਿਚ ਕੋਈ ਪਹਿਚਾਣ ਜਾਂ ਕੋਈ ਪਰੰਪਰਾ ਵਰਤਮਾਨ ਸਮੇਂ ਧੁੰਦਲੀ ਨਜ਼ਰ ਆਉਂਦੀ ਹੈ। ਕੀਰਤਨ ਵਿਚ ਉਸਦਾ ਸਥਾਨ ਹਾਰਮੋਨੀਅਮ ਅਤੇ ਤਬਲਾ ਸਾਜ਼ਾਂ ਨੇ ਲੈ ਲਿਆ ਹੈ। ਕੋਈ ਕੋਈ ਕੀਰਤਨਕਾਰ ਅੱਜ ਵੀ ਆਪਣਾ ਸੰਬੰਧ ਭਾਈ ਮਰਦਾਨੇ ਨਾਲ ਜੋੜ ਕੇ ਰਬਾਬੀ ਪਰੰਪਰਾ ਦੇ ਕਹਾਉਂਦੇ ਹਨ। ਗੁਰੂ ਦਰਬਾਰ ਵਿਚ ਇਹਨਾਂ ਰਬਾਬੀ ਕੀਰਤਨਕਾਰਾਂ ਦੇ ਅਨਮੋਲ ਯੋਗਦਾਨ ਦੇ ਕਾਰਨ ਹੀ ਉਨ੍ਹਾਂ ਨੂੰ ਉਤਨਾ ਹੀ ਸਨਮਾਨ ਦਿੱਤਾ ਜਾਂਦਾ ਹੈ।

**ਸਹਾਇਕ ਪ੍ਰੋ. ਸੰਗੀਤ, ਬਾਬਾ ਅਜੈ ਸਿੰਘ ਖ਼ਾਲਸਾ ਕਾਲਜ**
**ਗੁਰਦਾਸ ਨੰਗਲ, ਗੁਰਦਾਸਪੁਰ, ਫ਼ੋਨ-9464265464**

# ਗੁਰਮਤਿ ਸੰਗੀਤ ਵਿੱਚ ਰਬਾਬੀ ਪਰੰਪਰਾ ਅਤੇ ਹੋਰ ਲੇਖ

## ਪੁਸਤਕ ਰੀਵਿਊ

**ਜਗਤਾਰਜੀਤ ਸਿੰਘ**

ਇਸ ਕਿਤਾਬ ਦੇ ਲੇਖਕ ਡਾ. ਜਾਗੀਰ ਸਿੰਘ ਹਨ। ਲੇਖਾਂ ਦੀ ਕੁਝ ਗਿਣਤੀ ਪੰਦਰਾਂ ਹੈ। ਹਰ ਲੇਖ ਦਾ ਸਿਰਲੇਖ ਵੱਖਰਾ ਹੋਣ ਦੇ ਬਾਵਜੂਦ ਕੁਝ ਇਕਾਈਆਂ ਪਾਠਕ ਨੂੰ ਮਿਲ ਜਾਂਦੀਆਂ ਹਨ ਜਿਨ੍ਹਾਂ ਸਦਕਾ ਇਕ ਲੇਖ ਨੂੰ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਹ ਹੈ ਗੁਰੂ, ਸ਼ਬਦ, ਕੀਰਤਨ, ਕੀਰਤਨਕਾਰ, ਰਾਗ, ਗੱਦ ਅਤੇ ਪਦ ਇਤਿਹਾਸਕ ਸਰੋਤ।

ਗੁਰੂ ਵਿਅਕਤੀਆਂ ਬਾਣੀ ਦੀ ਰਚਨਾ ਕੀਤੀ, ਉਸ ਨੂੰ ਗਾਇਆ। ਨਾਲੋ-ਨਾਲ ਸਾਜਾਂ ਦੀ ਰਚਨਾ ਕੀਤੀ ਜਾਂ ਪ੍ਰਚਲਿਤ ਸਾਜਾਂ ਨੂੰ ਸੁਧਾਰ ਕਰ ਵਰਤਿਆ।

ਬਾਣੀ ਨੂੰ ਰਾਗ ਅਨੁਸਾਰ ਗਾਏ ਜਾਣ ਦੀ ਪਿਰਤ ਨੇ ਨਵੀਂ ਪਰੰਪਰਾ ਤੋਰੀ। ਪਿਰਤ ਦੇ ਆਲੇ-ਦੁਆਲੇ ਕਈ ਛੋਟੀਆਂ-ਵੱਡੀਆਂ ਰਵਾਇਤਾਂ ਜਨਮੀਆਂ। ਸਮਾਂ ਬੀਤਣ ਦੇ ਨਾਲ-ਨਾਲ ਇਹ ਪੱਕੀਆਂ ਹੁੰਦੀਆਂ ਰਹੀਆਂ। ਕਿਤਾਬ ਦੇ ਲੇਖ ਇਹਨਾਂ ਸਭ ਬਾਬਤ ਝਲਕ ਦੇਂਦੇ ਹਨ। ਸਜਗ ਪਾਠਕ ਇਹੀ ਮਹਿਸੂਸ ਕਰ ਸਕਦਾ ਹੈ।

ਕਿਤਾਬ ਦਾ ਪਹਿਲਾ ਲੇਖ 'ਗੁਰਮਤਿ ਸੰਗੀਤ ਵਿਚ ਰਬਾਬੀ ਪਰੰਪਰਾ' ਕਾਫ਼ੀ ਕੁਛ ਬਿਆਨਦਾ ਹੈ। ਰਬਾਬ ਸਾਜ਼ ਦੀ ਚੋਣ ਗੁਰੂ ਨਾਨਕ ਦੇਵ ਨੇ ਆਪ ਕੀਤੀ ਅਤੇ ਸੁਰ ਹੋਈ ਰਬਾਬ ਨੂੰ ਬਾਣੀ ਗਾਇਣ ਲਈ ਵਰਤਿਆ। ਲੇਖ ਭਾਈ ਮਰਦਾਨੇ ਦੇ ਇਲਾਵਾ ਉਸ ਤੋਂ ਪਹਿਲਾਂ ਅਤੇ ਬਾਅਦ ਦੇ ਰਬਾਬੀਆਂ ਬਾਬਤ ਜਾਣਕਾਰੀ ਦੇਂਦਾ ਹੈ।

ਡਾ. ਜਾਗੀਰ ਸਿੰਘ ਆਪਣੇ ਖ਼ਿਆਲਾਂ ਨੂੰ ਬੰਨ੍ਹਵੇਂ ਰੂਪ ਰਾਹੀਂ ਪੇਸ਼ ਕਰਦੇ ਹਨ। ਕਹਿਣ ਦਾ ਭਾਵ ਕਹੀ ਗੱਲ ਦੀ ਪੁਸ਼ਟੀ ਲਈ ਭਿੰਨ-ਭਿੰਨ ਸੰਦਰਭਾਂ ਨੂੰ ਵਰਤਿਆ ਹੈ। ਸੰਦਰਭਾਂ ਵਾਲੇ ਪੁਰਾਤਨ ਗ੍ਰੰਥ ਸਿੱਖ ਸੰਪ੍ਰਦਾਇ ਦੀ ਸ਼ਹਿਰਗ ਹਨ। ਲੇਖਕ ਭਾਈ ਗੁਰਦਾਸ, ਵੱਖ-ਵੱਖ ਜਨਮ-ਸਾਖੀਆਂ ਅਤੇ ਆਧੁਨਿਕ ਖੋਜਕਾਰਾਂ ਦੀਆਂ ਕਿਤਾਬਾਂ ਨੂੰ ਵਰਤ ਆਪਣੇ ਲਿਖੇ ਨੂੰ ਸੰਘਣਾ ਕਰਦਾ ਹੈ। ਇਹ ਵਿਹਾਰ ਹਰ ਲੇਖ ਦਾ ਅਟੁੱਟ ਹਿੱਸਾ ਹੈ।

ਕਿਤਾਬ ਵਿਚੋਂ ਕੋਈ ਲੇਖ ਪੜ੍ਹੋ ਉਹੋ ਸਿੱਧੇ-ਅਸਿੱਧੇ ਗੁਰਮਤਿ ਸੰਗੀਤ ਨਾਲ ਜੁੜਿਆ ਮਿਲੇਗਾ। ਲੇਖਕ ਖ਼ੁਦ ਚੰਗੇ ਕੀਰਤਨਕਾਰ ਹਨ। ਜਥੇ ਰੂਪ ਵਿਚ ਸੁਤੰਤਰ ਕੀਰਤਨ ਤੋਂ ਪਹਿਲਾਂ ਉਹ ਪ੍ਰਸਿੱਧ ਕੀਰਤਨਕਾਰਾਂ ਦਾ ਅੰਗ ਬਣ ਕੇ ਵਿਚਰਦੇ ਹਨ। ਉਨ੍ਹਾਂ ਦੇ ਪਿਤਾ ਭਾਈ ਉੱਤਮ ਸਿੰਘ 'ਪਤੰਗ' ਗੁਰਬਾਣੀ ਦਾ ਗਾਇਣ ਕਰਨ ਵਾਲੇ

ਸਨ। ਉਪਰੋਕਤ ਦੋ ਤੱਥਾਂ ਤੋਂ ਗਿਆਤ ਹੁੰਦਾ ਹੈ ਕਿ ਡਾ. ਜਾਗੀਰ ਸਿੰਘ ਅਨੁਭਵੀ ਸ਼ਖ਼ਸ ਹਨ। ਜੋ ਲਿਖਿਆ ਗਿਆ ਹੈ ਉਹ ਨਿਰੋਲ ਕਿਤਾਬੀ ਨਹੀਂ। 'ਫ਼ਰੀਦ ਬਾਣੀ: ਸੰਗੀਤ ਪਰਿਪੇਖ' ਰਾਹੀਂ ਸੂਫ਼ੀਆਂ ਦੀ ਗਾਇਣ ਪੱਧਤੀ ਅਤੇ ਹਿੰਦੁਸਤਾਨੀ ਸੰਗੀਤ ਪੱਧਤੀ ਦੀ ਗੱਲ ਕੀਤੀ ਹੈ। ਪਰ ਗੁਰਬਾਣੀ ਸੰਗੀਤ ਇਹਨਾਂ ਦੋਹਾਂ ਤੋਂ ਵੱਖਰਾ ਹੈ। 'ਗੁਰੂ ਗ੍ਰੰਥ ਸਾਹਿਬ' ਅੰਦਰ ਸ਼ਾਮਿਲ ਫ਼ਰੀਦ ਬਾਣੀ ਰਾਗ ਸੂਹੀ ਥੱਲੇ ਦਰਜ ਹੈ। ਲੇਖਕ ਇਸ ਰਾਗ ਦੇ ਸੁਰਾਂ ਦੀ ਪੁਰਾਤਨਤਾ ਬਾਰੇ ਵੀ ਦੱਸਦੇ ਹਨ।

'ਰਬਾਬੀ ਭਾਈ ਬਲਵੰਡ ਅਤੇ ਭਾਈ ਸੱਤਾ' ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਤੱਕ ਆਪਣੀ ਕੀਰਤਨ ਸੇਵਾ ਨਿਭਾਉਂਦੇ ਰਹੇ। ਦੋਹਾਂ ਰਬਾਬੀਆਂ ਦੇ ਪਿਛੋਕੜ ਅਤੇ ਗੁਰੂਆਂ ਨਾਲ ਇਹਨਾਂ ਦੇ ਸੰਬੰਧਾਂ ਦੀ ਵਿਆਖਿਆ ਲਈ ਭਾਈ ਗੁਰਦਾਸ, ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਦੀ ਮਦਦ ਲਈ। ਗੁਰਬਾਣੀ ਅਤੇ ਇਹਨਾਂ ਦੀ ਆਪਣੀ ਬਾਣੀ ਤਾਂ ਇਸ ਬਾਬਤ ਕਹਿੰਦੀ ਹੀ ਹੈ।

ਗੁਰਬਾਣੀ ਦੇ ਪ੍ਰਸਿੱਧ ਕੀਰਤਨਕਾਰ ਭਾਈ ਸਮੁੰਦ ਸਿੰਘ ਨੂੰ ਬਹੁਤ ਨਿੱਘ ਨਾਲ ਚਿਤਰਿਆ ਗਿਆ ਹੈ। ਉਨ੍ਹਾਂ ਦੀ ਆਪਣੀ ਸਾਧਨਾ ਅਤੇ ਕਮਾਈ ਨੇ 'ਗੁਰੂ ਦੇ ਸ਼ਬਦ ਗਾਇਣ' ਨੂੰ ਵਿਲੱਖਣ ਮੁਕਾਮ ਦਿੱਤਾ। ਕੀਰਤਨਕਾਰ ਅਤੇ ਸੰਗਤ ਵਿਸਮਾਦੀ ਅਵਸਥਾ ਵਿਚ ਚਲੇ ਜਾਂਦੇ। ਇਹੋ ਭਾਣਾ ਸੰਤ ਸੁਜਾਨ ਸਿੰਘ ਦੇ ਕੀਰਤਨ ਸਮੇਂ ਵਾਪਰਦਾ ਜਦ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬਾਬਾ ਨੰਦ ਸਿੰਘ ਸਨਮੁੱਖ ਹੁੰਦੇ। ਭਾਈ ਸਮੁੰਦ ਸਿੰਘ ਦੇ ਕੀਰਤਨ, ਉਨ੍ਹਾਂ ਦੇ ਸੁਭਾਅ, ਵਿਹਾਰ ਬਾਬਤ ਮਿਲਣ ਵਾਲੀ ਜਾਣਕਾਰੀ ਵਡਮੁੱਲੀ ਹੈ। ਆਮ ਤੌਰ 'ਤੇ ਰਾਗੀ ਸਿੰਘਾਂ ਦੇ ਜੀਵਨ ਬਾਬਤ ਸਾਨੂੰ ਘੱਟ ਪਤਾ ਚਲਦਾ ਹੈ। ਸ਼ਾਇਦ ਅਜਿਹੇ ਰਾਹਾਂ ਨੂੰ ਗਿਆਨ-ਖੇਤਰ ਦਾ ਅੰਗ ਨਹੀਂ ਮੰਨਿਆ ਜਾਂਦਾ।

'ਗੁਰੂ ਗ੍ਰੰਥ ਸਾਹਿਬ ਵਿਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ' ਲੇਖ ਇਕ ਚਿੱਤ ਹੋ ਵਿਸ਼ੇ ਨੂੰ ਵਿਚਾਰਦਾ-ਵਿਸਥਾਰਦਾ ਹੈ। ਲੇਖਕ ਵੱਲੋਂ ਸ਼ਬਦ ਅਤੇ ਸੰਗੀਤ ਦੇ ਆਪਸੀ ਮੇਲ ਅਤੇ ਪਹਿਲ-ਦੂਜ ਦੇ ਵਿਚਾਰ ਨੂੰ ਵਿਚਾਰਿਆ ਗਿਆ ਹੈ। ਇਸ ਵੇਲੇ ਵੀ ਲੇਖਕ ਦਾ ਮੁੱਖ ਸਰੋਤ ਗੁਰਬਾਣੀ ਦੇ ਇਲਾਵਾ ਭਾਰਤੀ ਸੰਗੀਤ ਸ਼ਾਸਤਰ ਦੇ ਪ੍ਰਸਿੱਧ ਗ੍ਰੰਥ ਹੀ ਬਣੇ ਹਨ।

'ਗੁਰਮਤਿ ਕੀਰਤਨ ਭਗਤੀ' ਇਹ ਦ੍ਰਿੜ੍ਹਾਉਂਦਾ ਹੈ ਕਿ ਸਿੱਖ ਮਨ ਅੰਦਰ ਸ਼ਬਦ ਗਾਇਣ/ਕੀਰਤਨ ਸਿਰਫ਼ ਗਾਇਕੀ ਨਹੀਂ। ਕੀਰਤਨ ਭਗਤੀ ਹੈ। ਪ੍ਰਭੂ ਪ੍ਰਾਪਤੀ ਲਈ ਇਹ ਸਾਧਨ ਹੈ।

ਡਾ. ਜਾਗੀਰ ਸਿੰਘ ਵੱਲੋਂ ਚੀਫ਼ ਖ਼ਾਲਸਾ ਦੀਵਾਨ ਵੱਲੋਂ ਕੀਤੇ ਜਾਣ ਵਾਲੇ ਕੀਰਤਨ ਦਰਬਾਰ, ਵਿਚਾਰ ਚਰਚਾਵਾਂ ਅਤੇ ਸਿੱਖਿਆ ਸੰਮੇਲਨਾਂ ਦਾ ਸਿੱਖ ਧਰਮ ਲਈ ਕੀਤੇ ਗਏ ਗੁਣਾਤਮਿਕ ਸਹਿਯੋਗ ਨੂੰ ਰੇਖਾਂਕਿਤ ਕੀਤਾ ਹੈ। ਲੇਖਕ ਚੀਫ਼ ਖ਼ਾਲਸਾ ਦੀਵਾਨ ਦੀਆਂ ਲਾਹੇਵੰਦ ਸਰਗਰਮੀਆਂ ਦੇ ਨਾਲ ਵੇਲੇ ਦੇ ਸਿੱਖ ਦਿਮਾਗ਼

ਅਤੇ ਰਾਗੀ ਸਿੰਘਾਂ ਦੇ ਕੀਰਤਨ ਦਰਬਾਰਾਂ ਦੇ ਯੋਗਦਾਨ ਨੂੰ ਨਿਸ਼ਠਾ ਨਾਲ ਸਾਹਮਣੇ ਲਿਆਉਂਦਾ ਹੈ। ਲਿਖੇ ਤੋਂ ਪਤਾ ਚਲਦਾ ਹੈ ਕਿ ਕੁਛ ਕਰਨ ਦੇ ਜਜ਼ਬੇ ਨੇ ਸਿੱਖਾਂ ਨੂੰ ਅੰਦੋਲਨ ਕੀਤਾ ਹੋਇਆ ਸੀ। ਉਸ ਵੇਲੇ ਦੇ 'ਚੀਫ਼ ਖ਼ਾਲਸਾ ਦੀਵਾਨ' ਵੱਲੋਂ ਹੋ ਰਹੇ ਕੰਮਾਂ ਦੇ ਸਾਹਮਣੇ ਸੰਸਥਾ ਦੀ ਅਜੋਕੀ ਤਸਵੀਰ ਮੱਲੋਮੱਲੀ ਅੱਖਾਂ ਸਾਹਮਣੇ ਆ ਖਲੋਂਦੀ ਹੈ। ਗਿਆਤ ਹੁੰਦਾ ਹੈ ਸੰਸਥਾ, ਜਿਹੜੀ ਸਿੱਖਾਂ ਦਾ ਮੂੰਹ-ਮੱਥਾ ਹੁੰਦੀ ਸੀ, ਹੁਣ ਨਿਘਾਰ ਵੱਲ ਤੁਰੀ ਜਾ ਰਹੀ ਹੈ।

ਕੀਰਤਨ ਨੂੰ ਇਸ ਕਿਤਾਬ ਨੇ ਵਿਸ਼ੇਸ਼ ਮਾਨਤਾ ਦਿੱਤੀ ਹੈ। ਦੋ ਲੇਖ ਇਸ ਨੂੰ ਸਮਰਪਿਤ ਹਨ। ਪਹਿਲੇ ਲੇਖ ਵਿਚ ਭਾਈ ਮਨੀ ਸਿੰਘ ਦੀਆਂ ਲਿਖਤਾਂ ਵਿਚ ਕੀਰਤਨ ਨੂੰ ਦਿੱਤੇ ਮਹੱਤਵ ਦੀ ਗੱਲ ਹੈ। ਦੂਜੇ ਵਿਚ ਭਾਈ ਰਣਧੀਰ ਸਿੰਘ ਜੀ ਵੱਲੋਂ ਕੀਤੇ ਜਾਂਦੇ ਕੀਰਤਨ ਦਾ ਮਹੱਤਵ ਅਤੇ ਉਸ ਦੀਆਂ ਜੁਗਤਾਂ ਦੀ ਪਛਾਣ ਕੀਤੀ ਹੈ।

ਡਾਕਟਰ ਜਾਗੀਰ ਸਿੰਘ ਆਪ ਚੰਗੇ ਕੀਰਤਨਕਾਰ ਹਨ। ਉਨ੍ਹਾਂ ਦੀ ਆਵਾਜ਼ ਸਰੋਤੇ ਨੂੰ ਆਪਣੇ ਵੱਲ ਖਿੱਚਦੀ ਹੈ। ਸੰਗੀਤ ਦੇ ਜਾਣਕਾਰ ਹੋਣ ਸਦਕਾ ਉਹ ਕੀਰਤਨਕਾਰਾਂ ਦੀਆਂ ਵਿਸ਼ੇਸ਼ਤਾਵਾਂ ਉਜਾਗਰ ਕਰਦੇ ਸਮੇਂ ਅਕਸਰ ਬਰੀਕ ਤੱਥਾਂ ਨੂੰ ਛੋਹ ਲੈਂਦੇ ਹਨ। ਇਸ ਪੱਖ ਦਾ ਆਪਣਾ ਮਹੱਤਵ ਹੈ, ਜਿਹੜੇ ਰਾਗ ਵਿੱਦਿਆ ਜਾਣਦੇ ਅਤੇ ਉਹ ਜੋ ਹਾਲੇ ਵਿਦਿਆਰਥੀ ਹੈ।

ਡਾਕਟਰ ਸਾਹਿਬ ਨਾਲ ਮੇਰੀ ਜਾਣ-ਪਛਾਣ ਉਨ੍ਹਾਂ ਵੱਲੋਂ ਗਾਏ ਸ਼ਬਦਾਂ ਦੀ ਕੈਸੇਟ 'ਬਬੀਹਾ ਅੰਮ੍ਰਿਤ ਵੇਲੇ ਬੋਲਿਆ' ਰਾਹੀਂ ਸ਼ੁਰੂ ਹੁੰਦੀ ਹੈ। ਅਨੇਕਾਂ ਵਾਰ ਸੁਣੇ ਗਏ ਸ਼ਬਦ ਨੇ ਸਾਨੂੰ ਇਕ-ਦੂਜੇ ਦੇ ਕਰੀਬ ਲੈ ਆਉਂਦਾ।

ਕਿਤਾਬ ਪੜ੍ਹਦੇ ਸਮੇਂ ਮਹਿਸੂਸ ਹੋਇਆ ਕਿ ਗੁਰੂ ਦਾ ਸ਼ਬਦ ਗਾਇਣ ਕਰਨ ਵਾਲਿਆਂ ਦੇ ਜੀਵਨ ਸੰਘਰਸ਼, ਉਨ੍ਹਾਂ ਦੇ ਜੀਵਨ ਦੀਆਂ ਝਲਕੀਆਂ, ਉਨ੍ਹਾਂ ਨਾਲ ਰਚਾਏ ਸੰਵਾਦ ਦੀ ਦੱਸ ਪਾਉਣ ਵਾਲੀਆਂ ਰਚਨਾਵਾਂ ਦੀ ਖ਼ਾਸੀ ਕਮੀ ਹੈ। ਐਪਰ ਡਾਕਟਰ ਜਾਗੀਰ ਸਿੰਘ ਆਪਣੀਆਂ ਕਿਤਾਬਾਂ ਅਤੇ 'ਅੰਮ੍ਰਿਤ ਕੀਰਤਨ' ਰਾਹੀਂ ਆਪਣਾ ਕਾਰਜ ਕਰਦੇ ਆ ਰਹੇ ਹਨ।

ਮੋ: 9899091186

# ਕੀਰਤਨ ਸਮ੍ਰਾਟ ਸ੍ਰੀਮਾਨ ਸੰਤ ਸੁਜਾਨ ਸਿੰਘ ਜੀ ਯਾਦਗਾਰੀ ਪੁਰਸਕਾਰ-2022 ਡਾ. ਅਲੰਕਾਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਪ੍ਰਦਾਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਗੁਰਮਤਿ ਸੰਗੀਤ ਚੇਅਰ ਦੇ ਇੰਚਾਰਜ ਵਜੋਂ ਕਾਰਜਰਤ ਡਾ. ਅਲੰਕਾਰ ਸਿੰਘ ਨੂੰ ਉਹਨਾਂ ਦੀਆਂ ਗੁਰਮਤਿ ਸੰਗੀਤ ਪ੍ਰਤੀ ਸੇਵਾਵਾਂ ਲਈ ਦਿੱਲੀ ਵਿਖੇ ਆਯੋਜਿਤ ਸਮਾਗਮ ਵਿਚ ਕੀਰਤਨ ਸਮ੍ਰਾਟ ਸ੍ਰੀਮਾਨ ਸੰਤ ਸੁਜਾਨ ਸਿੰਘ ਜੀ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਸਬੰਧੀ ਗੁਰਮਤਿ ਸੰਗੀਤ ਭਵਨ, ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਦੇ ਸਮੂਹ ਸਟਾਫ਼ ਵੱਲੋਂ ਡਾ. ਅਲੰਕਾਰ ਸਿੰਘ ਨੂੰ ਉਹਨਾਂ ਦੀ ਇਸ ਪ੍ਰਾਪਤੀ ਤੇ ਵਧਾਈ ਦਿੱਤੀ ਗਈ। ਵਰਣਨਯੋਗ ਹੈ ਕਿ ਇਸ ਯਾਦਗਾਰੀ ਪੁਰਸਕਾਰ ਵਿਚ ਟਰਾਫ਼ੀ, ਦੁਸ਼ਾਲਾ, ਸਿਰੋਪਾਓ ਅਤੇ ਇੱਕ ਲੱਖ ਰੁਪਏ ਦੀ ਪੁਰਸਕਾਰ ਰਾਸ਼ੀ ਸ਼ਾਮਲ ਹੈ। ਪਿਛਲੇ 32 ਸਾਲਾਂ ਤੋਂ ਇਹ ਪੁਰਸਕਾਰ ਲਗਾਤਾਰ ਦਿੱਤੇ ਜਾ ਰਹੇ ਹਨ, ਜਿਹਨਾਂ ਵਿਚ ਪੰਥ ਪ੍ਰਸਿੱਧ ਰਾਗੀ ਸਿੰਘਾਂ ਅਤੇ ਗੁਰਮਤਿ ਸੰਗੀਤ ਦੇ ਸਾਧਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਪਹਿਲਾਂ ਸਨਮਾਨਿਤ ਕੀਤੇ ਜਾ ਚੁੱਕੇ ਕੀਰਤਨੀਆਂ ਵਿਚ ਸਾਬਕਾ ਹਜ਼ੂਰੀ ਰਾਗੀ ਭਾਈ ਬਲਬੀਰ ਸਿੰਘ, ਭਾਈ ਨਰਿੰਦਰ ਸਿੰਘ ਬਨਾਰਸ ਵਾਲੇ, ਭਾਈ ਹਰਜੋਤ ਸਿੰਘ ਜ਼ਖਮੀ, ਡਾ. ਗੁਰਨਾਮ ਸਿੰਘ, ਭਾਈ ਗੁਰਮੀਤ ਸਿੰਘ ਸ਼ਾਂਤ, ਪ੍ਰਿੰਸੀਪਲ ਸੁਖਵੰਤ ਸਿੰਘ ਅਤੇ ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ ਵਾਲੇ ਸ਼ਾਮਲ ਹਨ। ਡਾ. ਅਲੰਕਾਰ ਸਿੰਘ ਜੀ ਦੀ ਇਸ ਅਵਾਰਡ ਵਾਸਤੇ ਚੋਣ ਸੰਤ ਸੁਜਾਨ ਸਿੰਘ ਜੀ ਦੇ ਪਰਿਵਾਰ ਵਿਚੋਂ ਸੰਤ ਸਾਧ ਪ੍ਰਕਾਸ਼ ਸਿੰਘ (ਸਾਧੂ ਜੀ), ਸੰਤ ਨਰਾਇਣ ਪ੍ਰਕਾਸ਼ ਸਿੰਘ, ਤੀਰਥ ਸਿੰਘ (ਪ੍ਰਧਾਨ), ਕਵਲਜੀਤ ਸਿੰਘ (ਸਕੱਤਰ) ਆਦਿ ਦੁਆਰਾ ਕੀਤੀ ਗਈ। ਅਵਾਰਡ ਦੇਣ ਸਮੇਂ ਸੰਤ ਸੁਜਾਨ ਸਿੰਘ ਜੀ ਦੇ ਸਮੂਹ ਪਰਿਵਾਰ ਤੋਂ ਇਲਾਵਾ ਦਾਤਾਰ ਸਿੰਘ ਹਰਜੀ, ਦਲਬੀਰ ਸਿੰਘ ਬੀਰਾ, ਇੰਦਰਜੀਤ ਸਿੰਘ ਮੌਂਟੀ, ਮਹਿਤਾਬ ਸਿੰਘ ਭੋਲਾ ਅਤੇ 20 ਬਲਾਕ ਤਿਲਕ ਨਗਰ ਦੇ ਹੋਰ ਪੰਤਵੰਤੇ ਸੱਜਣ ਮੌਜੂਦ ਰਹੇ।

ਡਾ. ਅਲੰਕਾਰ ਸਿੰਘ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਜਾਣੀ-ਪਛਾਣੀ ਅਤੇ ਸਰਗਰਮ ਹਸਤੀ ਹਨ ਜਿਹਨਾਂ ਨੂੰ ਇਸ ਤੋਂ ਪਹਿਲਾਂ ਕੇਂਦਰੀ ਸੰਗੀਤ ਨਾਟਕ ਅਕਾਦਮੀ ਤੋਂ ਉਸਤਾਦ ਬਿਸਮਿੱਲਾਹ ਖਾਨ ਯੁਵਾ ਪੁਰਸਕਾਰ, ਜਵੱਦੀ ਟਕਸਾਲ ਲੁਧਿਆਣਾ ਤੋਂ ਗੁਰਮਤਿ ਸੰਗੀਤ ਅਵਾਰਡ, ਸਿੰਘ ਐਂਡ ਕੌਰ ਪ੍ਰੋਡਕਸ਼ਨਜ਼ ਅੰਮ੍ਰਿਤਸਰ ਤੋਂ ਭਗਤੀ ਰਤਨ ਅਵਾਰਡ ਆਦਿ ਪ੍ਰਾਪਤ ਹੋ ਚੁੱਕੇ ਹਨ। ਉਹਨਾਂ ਦੀ ਦੇਖ-ਰੇਖ ਵਿਚ ਗੁਰਮਤਿ ਸੰਗੀਤ ਚੇਅਰ ਵਲੋਂ ਗੁਰੂ ਨਾਨਕ ਬਾਣੀ ਅਤੇ ਗੁਰੂ ਤੇਗ ਬਹਾਦਰ ਬਾਣੀ ਦਾ ਕੋਵਿਡ ਸਮੇਂ ਦੌਰਾਨ ਨਿਰਧਾਰਤ ਰਾਗਾਂ ਵਿਚ ਆਨਲਾਈਨ ਕੀਰਤਨ ਲੜੀ ਦੇ ਰੂਪ ਵਿਚ ਪ੍ਰਸਾਰਣ ਵੱਖ-ਵੱਖ ਹਜ਼ੂਰੀ ਕੀਰਤਨੀਆਂ, ਗੁਰਮਤਿ ਸੰਗੀਤ ਦੇ ਵਿਦਵਾਨਾਂ, ਵੱਖ-ਵੱਖ ਕਾਲਜਾਂ ਅਤੇ ਅਦਾਰਿਆਂ ਦੇ ਅਧਿਆਪਕਾਂ ਤੋਂ ਇਲਾਵਾ ਰਾਗਾਤਮਕ ਕੀਰਤਨ ਨੂੰ ਪ੍ਰਣਾਏ ਹੋਏ ਨਵੇਂ ਉਭਰ ਰਹੇ ਕੀਰਤਨਕਾਰਾਂ ਪਾਸੋਂ ਲਗਾਤਾਰ ਕਰਵਾਇਆ ਗਿਆ।

# BHAI PRITHIPAL SINGH MOHAN PAL SINGH A LINK WITH THE MUSICAL HERITAGE OF NANKANA SAHIB

**Harjap Singh Aujla**

We all know that since the days of Maharaja Ranjit Singh's empire “Gurdwara Janam Asthan Sri Nankana Sahib” and “Sri Darbar Sahib Amritsar” have been acknowledged to be the two shrines where the Sikh musical heritage was preserved at its pristine and sophisticated best. Other historic shrines used to look to these great places of worship for inspiration and guidance.

“Sri Darbar Sahib” is with us and we have extensively heard “Gurmat Sangeet” by the musicians in its service. We know this music since the days of Bhai Santa Singh and his contemporaries. We have also heard the music of Bhai Samund Singh ji of “Sri Nankana Sahib”, but other than Bhai Samund Singh, we have not been really conversant with what his other contemporaries were singing.

At least I had the curiosity to know as to how the other, particularly the famous Rababi Kirtanias, used to sing “Gurbani” at “Gurdwara Janam Asthan Sri Nankana Sahib. To my good luck, by chance, I stumbled upon a musician, who represented the second generation of the refugee Raagis from Nankana Sahib.

It was the year 1976, I was posted as a sub-divisional engineer construction at Patiala. Police buildings in Fort Bahadurgarh were under my charge. I observed a huge sized Sikh wearing white clothes coming out of Gurdwara Bahadurgarh Sahib. This gurdwara is situated on the opposite side of Fort Bahadurgarh. A man, who knew this individual, told me that he is the finest classical musician in Patiala. He introduced the individual as Bhai Mohan Pal Singh.

True to my extrovert nature, I tried to open up with this so far mysterious musician. He quickly judged my curiosity and asked me if I have heard about Bhai Pal Singh Jaswant Singh and Bhai Gurmukh Singh Bhai Sarmukh Singh Fakkar of “Sri Nankana Sahib”? I answered in affirmative. He told me that he is one of the descendents of this great family of musicians. But he wanted me to hear him first and then decide if he is a worthy descendent of the famous Kirtanias of the yore. I asked him if he knew the Reets, in which Bhai Pal Singh Jaswant Singh used to sing at Nankana Sahib. He replied yes he can sing most of their “Reets”. He gave me his home address, but he had no phone.

One fine holiday morning I decided to see him at his residence. He lived in a poor neighbourhood called “Tripuri” in Patiala city. The street leading to his home was only partly paved, the rest was potholed, muddy and dusty with milch cattle tied on both sides. On reaching his home I knocked at his door. The unpainted door was opened by Bhai Mohan Pal Singh himself. He was happy to receive me. He asked his lady to warm the milk for the guest, but I refused. He asked a young boy of twelve to bring the Tabla. He sang “Bilaskhani Todi”. From his “Alaap” he appeared to be a pupil of Ustad Bade Ghulam Ali Khan, which he proudly admitted he was. He said during early sixties he and his cousin Prithipal Singh were sent to Khan Sahib Bade Ghulam Ali Khan in Bombay to learn the finer points of the singing

traditions of “Patiala Gharana” and this training helped them a lot professionally. Ever since that training, they have been doing “Riaz” of what they learnt. While in Bombay they met legendry playback singer Mohammad Rafi too, who offered them lucrative assignments as chorus singers in film industry, but they politely rejected the offer saying that they don't want to quit their ancestral profession of singing for their Guru. He said even these days we both keep visiting Malerkotla to learn more about music from Ustad Bakar Ali Khan, the most accomplished music teacher of Patiala Gharana.

I was impressed. My father (Late Sardar Sochet Singh) lived in Chandigarh. During his college education days in Lahore Government College, he used to occasionally visit Nankana Sahib and was impressed with the singing skills of the Rababi Kirtanias of “Gurdwara Janam Asthan”. He was quite curious to hear the voices of their descendents. I promised him that I shall bring them to Chandigarh for a special “Kirtan Diwan” at my father's residence. But that moment eluded us. My father died on August 31, 1976. He could not hear them singing, but they were present and performing Kirtan on his “Antim Ardas” a few days later.

Bhai Mohan Pal Singh was always telling me that his cousin Bhai Prithipal Singh is even a better Kirtania. While in Patiala, I did not have the privilege of listening to Bhai Prithipal Singh and a desire to listen to him remained in my heart. But I often used to go to “Gurdwara Sri Dukh Niwaran Sahib at Patiala” and often heard Bhai Joginder Singh Mohinder Singh, the cousins of Bhai Mohan Pal Singh and Prithipal Singh perform “Gurmat Sangeet” and they were mesmerizing.

After coming to America, I had the privilege in 1985 of inviting Bhai Mohan Pal Singh, who was accompanying Bhai Shamsher Singh Zakhmi, to perform Shabad Kirtan at Gurdwara Bridgewater New Jersey. I made some recordings too. Bhai Mohan Pal Singh's voice was power packed and highly cultured.

A few days ago a friend of mine guided me to listen to Sikh devotional music on longislandkirtan.com. I did and to my surprise in the folder on old vintage Kirtan, I stumbled upon some recordings in the voice of Bhai Prithipal Singh. There is Asa Di Vaar in two parts and there are 2 more MP-3s in the voice of this musician. After listening to these four folders, I rediscovered some remnants of the great traditions of “Shabad Kirtan” once alive at “Gurdwara Janam Asathan Sri Nankana Sahib”. I request all the genuine lovers of “Gurmat Sangeet” to listen to Bhai Prithipal Singh's “Shabad Kirtan”. In some very small pieces he has given glimpses of his mastery over this dying art. Both Bhai Prithipal Singh and Bhai Mohan Pal Singh are not alive anymore. Both died a few years ago before attaining the age of sixty. Both lived and died in poverty. Our community never recognized their talents. They have been tormented financially but they never abandoned their traditions and never compromised with their music.

harjapaujla@gmail.com

# ਤਿੰਨਤਾਲ:ਕਾਇਦਾ ਸਰੀਜ਼

**ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ**
(ਲਾਹੌਰ ਬਾਜ ਪੰਜਾਬ ਘਰਾਣਾ)

ਤਬਲਾ ਵਿਦਿਆਰਥੀਆਂ ਲਈ ਲੜੀਵਾਰ ਕਾਇਦਾ ਸੀਰੀਜ਼ ਅਧੀਨ **ਕਾਇਦਾ ਨੰ: 08** ਦੇ ਰਿਹਾ ਹਾਂ ਜਿਸ ਦਾ ਇਜ਼ਾਫ਼ਾ 10 ਬੰਧਾਂ ਰਾਹੀ ਕੀਤਾ ਗਿਆ। ਇਸ ਤਿਰਕਿਟ ਦੇ ਕਾਇਦੇ ਦਾ ਨਿਰੰਤਰ ਰਿਆਜ਼ ਕਰਨ ਨਾਲ ਤਿਰਕਿਟ ਤਿਆਰ ਹੋ ਜਾਂਦੀ ਹੈ। ਇਸ ਕਾਇਦੇ ਦਾ ਢਾਂਚਾ ਇਸ ਤਰ੍ਹਾਂ ਹੈ – ਤਿੰਨ ਮਾਤਰਾ ਦਾ ਮੁੱਖ ਬੋਲ ਹੈ, ਇੱਕ ਮਾਤਰਾ ਦਾ ਜੋੜ ਹੈ ਅਤੇ ਚਾਰ ਮਾਤਰਾ ਦੀ ਖਾਲੀ ਰਦੀਫ਼ ਹੈ। ਇਸੇ ਤਰ੍ਹਾਂ ਕਾਇਦੇ ਦੇ ਦੂਜੇ ਹਿੱਸੇ ਵਿੱਚ ਕਾਇਦੇ ਦਾ ਬੋਲ ਅਤੇ ਜੋੜ ਖਾਲੀ ਹਨ ਪਰ ਰਦੀਫ਼ ਦਾ ਬੋਲ ਭਰਿਆ ਹੈ। ਆਖ਼ਿਰ ਵਿੱਚ ਕਾਇਦੇ ਦਾ ਮੁਕਾਮ ਚਕਰਦਾਰ ਹੈ। ਵਧੇਰੇ ਜਾਣਕਾਰੀ ਲਈ ਸਿੱਖਿਆਰਥੀ ਮੈਨੂ ਫੋਨ ਕਰ ਸਕਦੇ ਹਨ।

**ਕਾਇਦਾ # 08**

ਧਾਤਿਰ ਕਿਟਤਕ ਤਿਰਕਿਟ ਧਾੜ ਘਿਨਾ ਨਗ ਤੀਨਾ ਕਿਨਾ ।
ਤਾਤਿਰ ਕਿਟਤਕ ਤਿਰਕਿਟ ਤਾੜ ਘਿਨਾ ਨਗ ਧਿਨਾ ਗਿਨਾ ॥

**ਦੋਹਰਾ**

ਧਾਤਿਰਕਿਟਤਕ ਤਿਰਕਿਟਧਾੜ ਧਾਤਿਰਕਿਟਤਕ ਤਿਰਕਿਟਧਾੜ,ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਤਾਤਿਰਕਿਟਤਕ ਤਿਰਕਿਟਤਾੜ ਤਾਤਿਰਕਿਟਤਕ ਤਿਰਕਿਟਤਾੜ ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ॥

**ਬੰਧ # 1**

ਧਾੜਗਿਨਾ ਧਾੜਗਿਨਾ ਧਾਤਿਰਕਿਟਤਕ ਤਿਰਕਿਟਧਾੜ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਤਾੜਕਿਨਾ ਤਾੜਕਿਨਾ ਤਾਤਿਰਕਿਟਤਕ ਤਿਰਕਿਟਤਾੜ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ # 2**

ਧਾੜਧਾਤਿਰਕਿਟ ਤਕਤਿਰਕਿਟ ਧਾੜਗਿਨਾ ਧਾੜਗਿਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਤਾੜਤਾਤਿਰਕਿਟ ਤਕਤਿਰਕਿਟ ਤਾੜਕਿਨਾ ਤਾੜਕਿਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ # 3**

ਧਾਤਿਰਕਿਟਤਕ ਤਿਰਕਿਟਧਾੜ ਗਿਨਾਧਾਤਿਰ ਕਿਟਤਕਤਿਰਕਿਟ ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ।
ਤਾਤਿਰਕਿਟਤਕਤਿਰਕਿਟਤਾੜਕਿਨਾ ਤਾਤਿਰਕਿਟਤਕਤਿਰਕਿਟ ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ # 4**

ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ,ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ।
ਤਾਤਿਰਕਿਟਤਕ ਤਿਰਕਿਟਤਾਤਿਰ ਕਿਟਤਕਤਿਰਕਿਟ ਤਾੜਕਿਨਾ,ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ॥

### ਬੰਧ # 5
ਧਾੜਗਿਨਾ ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ,ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ।
ਤਾੜਕਿਨਾ ਤਾਤਿਰਕਿਟਤਕ ਤਿਰਕਿਟਤਾਤਿਰ ਕਿਟਤਕਤਿਰਕਿਟ,ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ॥

### ਬੰਧ # 6
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾਤਿਰਕਿਟਤਕ,ਤਿਰਕਿਟਧਾੜ ਘਿਨਾਨਗ ਘਿਨਾਨਗ ਤਿਨਾਕਿਨਾ।
ਤਾਤਿਰਕਿਟਤਕ ਤਿਰਕਿਟਤਾਤਿਰ ਕਿਟਤਕਤਿਰਕਿਟ ਤਾਤਿਰਕਿਟਤਕ,ਤਿਰਕਿਟਧਾੜ ਘਿਨਾਨਗ ਘਿਨਾਨਗ ਧਿਨਾਗਿਨਾ॥

### ਬੰਧ # 7
ਘਿਨਾਨਗਤਿਰਕਿਟ ਧਾ--ਤਕ ਤਿਰਕਿਟਧਾ- -ਤਕਤਿਰਕਿਟ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ।
ਕਿਨਾਨਕਤਿਰਕਿਟ ਤਾ—ਤਕ ਤਿਰਕਿਟਤਾ- -ਤਕਤਿਰਕਿਟ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

### ਬੰਧ # 8
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ,ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ॥
ਤਾਤਿਰਕਿਟਤਕ ਤਿਰਕਿਟਤਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥


### ਬੰਧ # 9
ਤਿਰਕਿਟਨਕਤਕ ਤਿਰਕਿਟਤਕ੍- -ਤਿਰਕਿਟਤਕ੍- , ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਤਿਰਕਿਟਨਕਤਕ ਤਿਰਕਿਟਤਕ੍- -ਤਿਰਕਿਟਤਕ੍- , ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

### ਬੰਧ # 10
ਤਿਰਕਿਟਤਕ੍- -ਤਿਰਕਿਟ ਤਕ੍ਤਿਰਕਿਟ ਤਕ੍-, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਤਿਰਕਿਟਤਕ੍- -ਤਿਰਕਿਟ ਤਕ੍ਤਿਰਕਿਟ ਤਕ੍-, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

### ਕਾਇਦੇ ਦਾ ਮੁਕਾਮ ਚਕਰਦਾਰ ( ਚਕਰਦਾਰ ਤਿਹਾਈ )
ਤਿਰਕਿਟਨਕਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ ਧਾੜ ਧਾ- ਕਿਟਧਾ ੜਧਾ -ਕਿਟ ਧਾੜ ਧਾ-, ਤਿਰਕਿਟਨਕਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ ਧਾੜ ਧਾ- ਕਿਟਧਾ ੜਧਾ -ਕਿਟ ਧਾੜ ਧਾ-, ਤਿਰਕਿਟਨਕਤਕ ਤਿਰਕਿਟਧਾਤਿਰਕਿਟਤਕਤਿਰਕਿਟਨਕਤਕਤਿਰਕਿਟ ਧਾੜ ਧਾ- ਕਿਟਧਾ ੜਧਾ -ਕਿਟ ਧਾੜ । ਧਾ-

# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ
ਜਿਲ੍ਹਾ - ਗੁਰਦਾਸਪੁਰ, ਪੰਜਾਬ (ਭਾਰਤ)
ਫੋਨ ਨੰ: +91-98143 49658
Email: harbhajansinghdhariwal@gmail.com

**ਡਾ. ਜਾਗੀਰ ਸਿੰਘ**
**ਦੀ ਨਵੀਂ ਪੁਸਤਕ**




ਕਿਤਾਬ ਨੂੰ ਮੰਗਵਾਉਣ ਲਈ ਹੇਠ ਦਿੱਤੇ ਗਏ ਪਤੇ **ਸਪਤਰਿਸ਼ੀ ਪਬਲੀਕੇਸ਼ਨਜ਼,** # 25/6, ਇੰਡਸਟ੍ਰੀਅਲ ਏਰੀਆ, ਫੇਸ-2, ਚੰਡੀਗੜ ਅਤੇ ਨੰ: ਤੇ ਸੰਪਰਕ **7717465715, 9463836591** ਕਰਕੇ ਕਿਤਾਬਾਂ ਨੂੰ ਮੰਗਵਾ ਸਕਦੇ ਹੋ।

RNI Regd. No. 46788/89 ISSN 0972-2335

